ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧੮ ਜੇਠ ਸੰਨ ੨੦੨੬ Monday, 01 June, 2026

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

# ਗੁਰਦੁਆਰਾ ਰੋੜੀ ਸਾਹਿਬ, ਪਿੰਡ ਜਾਹਮਣ, ਲਾਹੌਰ- ਸਾਡੀ ਇਤਿਹਾਸਕ ਵਿਰਾਸਤ ਜੋ ਸਾਡੀਆਂ ਅੱਖਾਂ ਸਾਮਣੇ ਖਤਮ ਹੋ ਗਈ





ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਨਾਨਕਾ ਪਿੰਡ ਡੇਰਾ ਚਾਹਲ ਹੈ, ਜੋ ਕਿ ਲਾਹੌਰ ਦੇ ਬਿਲਕੁਲ ਨਾਲ ਹੀ ਲੱਗਦਾ ਹੈ। ਅਜੇ ਵੀ ਉੱਥੇ ਬੇਬੇ ਨਾਨਕੀ ਜੀ ਦਾ ਜਨਮ ਅਸਥਾਨ ਮੌਜੂਦ ਹੈ। ਆਪਣੇ ਨਾਨਕੇ ਪਿੰਡ ਨੂੰ ਜਾਂਦਿਆਂ ਤਿੰਨ ਵਾਰੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨਾ ਜੀ ਦੇ ਨਾਲ ਡੇਰਾ ਚਾਹਲ ਤੋਂ 13 ਕਿਲੋਮੀਟਰ ਦੇ ਫ਼ਾਸਲੇ ਤੇ ਵੱਸੇ ਪਿੰਡ ਜਾਹਮਣ ਵਿਚ ਰੁਕੇ ਸਨ।

ਇਤਿਹਾਸਕ ਸ੍ਰੋਤ ਦੱਸਦੇ ਹਨ ਕਿ ਪਿੰਡੋਂ ਬਾਹਰਲੇ ਪਾਸੇ ਰੋੜੀ ਪਈ ਹੋਈ ਸੀ। ਉਸ ਅਸਥਾਨ ਤੇ ਪਾਤਸ਼ਾਹ ਨੇ ਆਰਾਮ ਕੀਤਾ ਅਤੇ ਬੰਦਗੀ ਕੀਤੀ। ਇਸ ਅਸਥਾਨ ਨੂੰ ਹੀ ਗੁਰਦੁਆਰਾ ਰੋੜੀ ਸਾਹਿਬ ਦੇ ਨਾਮ ਤੋਂ ਜਾਣਿਆਂ ਜਾਂਦਾ ਹੈ।ਸ਼ੇਰ ਏ ਪੰਜਾਬ ਸਰਕਾਰ ਰਣਜੀਤ ਸਿੰਘ ਦੇ ਵੇਲੇ ਇੱਥੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਕੀਤੀ ਗਈ। ਨਾਲ ਬਹੁਤ ਹੀ ਵੱਡਾ ਸਰੋਵਰ ਸੀ। ਵੰਡ ਤੋਂ ਕੁਝ ਕੁ ਸਮਾਂ ਪਹਿਲਾਂ ਇੱਥੇ ਨਵੀਂ ਇਮਾਰਤ ਬਣਾਈ ਜਾ ਰਹੀ ਸੀ। ਅਜੇ ਉਸਾਰੀ ਦਾ ਕਾਰਜ ਪੂਰਾ ਨਹੀਂ ਸੀ ਹੋਇਆ ਜਦੋਂ ਪੰਜਾਬ ਦੀ ਵੰਡ ਹੋ ਗਈ ਅਤੇ ਸਿੱਖਾਂ ਨੂੰ ਪਿੰਡ ਛੱਡ ਕੇ ਚੜ੍ਹਦੇ ਪੰਜਾਬ ਆਉਣਾ ਪਿਆ।

ਮੈਂ ਪਹਿਲੀ ਵਾਰ ਇਸ ਪਿੰਡ ਜੂਨ 2020 ਵਿੱਚ ਗਈ ਸੀ। ਉਸ ਵੇਲੇ ਤੱਕ ਇਹ ਇਮਾਰਤ ਠੀਕ ਠਾਕ ਸੀ। ਹਾਲਾਂਕਿ ਕਮਜ਼ੋਰ ਹੋ ਚੁੱਕੀ ਸੀ। ਪ੍ਰਕਾਸ਼ ਅਸਥਾਨ ਦੇ ਹੇਠਾਂ ਬੇਸਮੇਂਟ ਵੀ ਸੀ ਜੋ ਕਿ ਮਿੱਟੀ ਨਾਲ ਬੰਦ ਹੋ ਚੁੱਕੀ ਸੀ। ਨੀਹਾਂ ਅਜੇ ਮਜ਼ਬੂਤ ਸਨ ਪਰ ਉੱਤੇ ਇਮਾਰਤ ਕਮਜ਼ੋਰ ਹੋਈ ਦਾ ਸਾਫ਼ ਪਤਾ ਲੱਗਦਾ ਸੀ। ਇਸ ਤੋਂ ਬਾਅਦ ਲਗਾਤਾਰ ਆਉਣਾ ਜਾਣਾ ਹੁੰਦਾ ਰਿਹਾ।

ਆਖ਼ਰੀ ਵਾਰੀ ਮੈਂ ਫਰਵਰੀ 2023 ਵਿੱਚ ਵੀਰ ਜੀ ਨਿਸ਼ਾਨ ਸਿੰਘ ਆਸਟ੍ਰੇਲੀਆ ਵਾਲਿਆਂ ਨਾਲ ਇੱਥੇ ਗਈ ਸੀ। ਜੁਲਾਈ 2023 ਵਿੱਚ ਇੱਕ ਦਿਨ ਸਵੇਰੇ ਜਦੋਂ ਵਟਸਐਪ ਖੋਲ੍ਹਿਆ ਤੇ ਕਿਸੇ ਨੇ ਮੈਸੇਜ ਵਿੱਚ ਇਕ ਵੀਡੀਓ ਭੇਜੀ ਹੋਈ ਸੀ। ਵੇਖ ਕੇ ਦਿਲ ਰੋ ਪਿਆ। ਉਨ੍ਹਾਂ ਦਿਨਾਂ ਵਿੱਚ ਬਹੁਤ ਤੇਜ਼ ਮੀਂਹ ਪਿਆ ਸੀ।

ਆਪਣੇ ਸਿੱਖਾਂ ਨੂੰ ਉਡੀਕਦੀ ਇਸ ਇਮਾਰਤ ਦੀ ਉਡੀਕ ਸ਼ਾਇਦ ਹੁਣ ਮੁੱਕ ਚੁੱਕੀ ਸੀ। ਤੇਜ਼ ਮੀਂਹ ਹਨੇਰੀ ਵਿੱਚ ਇਹ ਇਮਾਰਤ ਢਹਿ ਗਈ। ਗੁੰਬਲ ਅਤੇ ਇਮਾਰਤ ਦਾ ਵੱਡਾ ਹਿੱਸਾ ਡਿੱਗ ਗਏ ਅਤੇ ਸਿਰਫ਼ ਕੰਧਾਂ ਦਾ ਕੁਝ ਹਿੱਸਾ ਹੀ ਖੜਾ ਰਹਿ ਗਿਆ।ਤੇ ਸਭ ਤੋਂ ਵੱਡੀ ਦੁੱਖ ਦੀ ਗੱਲ ਇਹ ਕਿ ਇਹ ਅਸਥਾਨ ਦੇਸ ਪੰਜਾਬ ਦੀ ਹਿੱਕ ਤੇ ਵਾਹੀ ਖ਼ੂਨੀ ਲਕੀਰ, ਜਿਸ ਨੂੰ ਸਰਹੱਦ ਕਹਿ ਦਿੰਦੇ ਨੇ, ਤੋਂ ਸਿਰਫ਼ 3 ਕਿਲੋਮੀਟਰ ਦੇ ਫ਼ਾਸਲੇ ਤੇ ਹੈ ਅਤੇ ਚੜ੍ਹਦੇ ਪੰਜਾਬ ਦੇ ਪਿੰਡਾਂ ਤੋਂ ਸਾਮਣੇ ਸਾਫ਼ ਨਜ਼ਰ ਆਉਂਦਾ ਹੈ।



ਪੰਜਾਬ ਦੀ ਵੰਡ ਦਾ ਸਭ ਤੋਂ ਵੱਡਾ ਘਾਟਾ ਜਾਨੀ ਨੁਕਸਾਨ ਨਹੀਂ, ਜ਼ਮੀਨਾਂ ਖੁੱਸਣਾ ਨਹੀਂ ਸੀ, ਘਰ ਛੱਡਣਾ ਨਹੀਂ ਸੀ, ਅਸਲ ਵਿੱਚ ਸਭ ਤੋਂ ਵੱਡਾ ਘਾਟਾ ਸੀ ਇਨ੍ਹਾਂ ਇਤਿਹਾਸਕ ਅਸਥਾਨਾਂ ਦਾ ਵੀਰਾਨ ਹੋਣਾ, ਖੰਡਰਾਂ ਵਿੱਚ ਤਬਦੀਲ ਹੋਣਾ ਅਤੇ ਅਖ਼ੀਰ ਨੂੰ ਖਤਮ ਹੋ ਜਾਣਾ। Jeevay Sanjha Punjab ਵੱਲੋਂ ਅਸੀਂ ਇਨ੍ਹਾਂ ਅਸਥਾਨਾਂ ਦੀ ਬਕਾਇਦਾ ਲਿਸਟ ਬਣਾਉਣੀ ਸ਼ੁਰੂ ਕੀਤੀ ਅਤੇ ਇਨ੍ਹਾਂ ਦੀ documentation ਸ਼ੁਰੂ ਕੀਤੀ। ਕੱਲੇ ਲਾਹੌਰ ਜ਼ਿਲ੍ਹੇ ਵਿੱਚ 42 ਸਿੱਖ ਇਤਿਹਾਸਕ ਅਸਥਾਨ ਸਨ, ਜਿਨ੍ਹਾਂ ਵਿਚੋਂ 8 ਪੂਰੀ ਤਰ੍ਹਾਂ ਖ਼ਤਮ ਹੋ ਗਏ ਹਨ, 15 ਬਿਲਕੁਲ ਖੰਡਰ ਬਣੇ ਹੋਏ ਹਨ, ਅਤੇ 8 ਕਿਸੇ ਹੋਰ ਕੰਮ ਲਈ ਵਰਤੇ ਜਾ ਰਹੇ ਹਨ। ਇਸੇ ਤਰ੍ਹਾਂ ਅਸੀਂ ਹੋਰ ਜ਼ਿਲ੍ਹਿਆਂ ਤੇ ਵੀ ਵਾਰੀ ਵਾਰੀ ਕੰਮ ਕਰ ਰਹੇ ਹਾਂ। ਲਾਹੌਰ ਦੀ ਲਿਸਟ ਤੁਸੀਂ ਇੱਥੇ ਵੇਖ ਸਕਦੇ ਹੋ: https://jeevaysanjhapunjab.com/sikh-heritage -archives/ਹੋਰਨਾਂ ਜ਼ਿਲ੍ਹਿਆਂ ਦੀ ਲਿਸਟ ਵੀ ਇੱਕ ਇੱਕ ਕਰਕੇ ਅਸੀਂ ਇੱਥੇ ਪਾਉਂਦੇ ਰਹਾਂਗੇ। ਤਾਂ ਕਿ ਜਦੋਂ ਤੱਕ ਇਨ੍ਹਾਂ ਦੀ ਸਾਰ ਨਹੀਂ ਲਈ ਜਾਂਦੀ, ਘੱਟੋ ਘੱਟ ਸਭ ਨੂੰ ਪਤਾ ਰਹੇ ਕਿ ਸਾਡੇ ਇਹ ਅਸਥਾਨ ਹੈ ਨੇ।



ਜਿਹੜੇ ਖਤਮ ਵੀ ਹੋ ਗਏ, ਪਤਾ ਰਹੇ ਕਿ ਇਸ ਅਸਥਾਨ ਤੇ ਹੁੰਦੇ ਸਨ।ਪਾਤਸ਼ਾਹ ਮਿਹਰ ਕਰਨ, ਜਿਹੜੀ ਅਸੀਂ ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਦੀ ਅਰਦਾਸ ਕਰਦੇ ਹਾਂ, ਉਹ ਪੂਰੀ ਹੋਵੇ। ਦਰਸ਼ਨ ਦੀਦਾਰ ਸੌਖੇ ਹੋਣ, ਇਹ ਅਸਥਾਨ ਸਾਂਭੇ ਜਾਣ।

**ਪੁਰਵਾ ਮਸੂਦ (ਜੀਵੇ ਸਾਂਝਾ ਪੰਜਾਬ)**

# ਪੰਜਾਬ ਦੀ ਭਲਾਈ ਲਈ ਨੌਜਵਾਨ ਵਰਗ ਦਾ ਰੋਲ

ਕਿਸੇ ਵੀ ਦੇਸ਼, ਕੌਮ ਜਾਂ ਸਮਾਜ ਦਾ ਭਵਿੱਖ ਉਸ ਦੇ ਨੌਜਵਾਨਾਂ ਉੱਤੇ ਨਿਰਭਰ ਕਰਦਾ ਹੈ। ਨੌਜਵਾਨ ਉਹ ਤਾਕਤ ਹੁੰਦੇ ਹਨ ਜੋ ਆਪਣੇ ਜੋਸ਼, ਉਤਸ਼ਾਹ, ਸੋਚ ਅਤੇ ਮਿਹਨਤ ਨਾਲ ਸਮਾਜ ਵਿੱਚ ਵੱਡੇ ਬਦਲਾਅ ਲਿਆ ਸਕਦੇ ਹਨ। ਪੰਜਾਬ ਦੀ ਧਰਤੀ ਨੇ ਇਤਿਹਾਸ ਵਿੱਚ ਹਮੇਸ਼ਾਂ ਬਹਾਦਰ, ਮਿਹਨਤੀ ਅਤੇ ਕੁਰਬਾਨੀ ਦੇਣ ਵਾਲੇ ਨੌਜਵਾਨ ਪੈਦਾ ਕੀਤੇ ਹਨ। ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਲੈ ਕੇ ਆਜ਼ਾਦੀ ਦੀ ਲੜਾਈ ਅਤੇ ਪੰਜਾਬ ਦੀ ਤਰੱਕੀ ਤੱਕ, ਨੌਜਵਾਨਾਂ ਨੇ ਹਰ ਮੋਰਚੇ 'ਤੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ।ਅੱਜ ਦੇ ਸਮੇਂ ਵਿੱਚ ਪੰਜਾਬ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਨਸ਼ੇ, ਬੇਰੁਜ਼ਗਾਰੀ, ਪਾਣੀਆਂ ਦੀ ਘਾਟ, ਪਰਵਾਸ, ਕਿਸਾਨੀ ਸੰਕਟ, ਵਾਤਾਵਰਣ ਪ੍ਰਦੂਸ਼ਣ ਅਤੇ ਸੱਭਿਆਚਾਰਕ ਪਤਨ ਵਰਗੀਆਂ ਸਮੱਸਿਆਵਾਂ ਪੰਜਾਬ ਦੀ ਤਰੱਕੀ ਦੇ ਰਾਹ ਵਿੱਚ ਵੱਡੀ ਰੁਕਾਵਟ ਬਣੀਆਂ ਹੋਈਆਂ ਹਨ। ਇਨ੍ਹਾਂ ਚੁਣੌਤੀਆਂ ਦਾ ਹੱਲ ਕੇਵਲ ਸਰਕਾਰਾਂ ਨਾਲ ਨਹੀਂ ਹੋ ਸਕਦਾ, ਸਗੋਂ ਪੰਜਾਬ ਦੇ ਨੌਜਵਾਨ ਵਰਗ ਨੂੰ ਅੱਗੇ ਆ ਕੇ ਆਪਣਾ ਰੋਲ ਨਿਭਾਉਣਾ ਪਵੇਗਾ। ਜੇਕਰ ਨੌਜਵਾਨ ਆਪਣੀ ਤਾਕਤ ਨੂੰ ਸਹੀ ਦਿਸ਼ਾ ਵਿੱਚ ਵਰਤਣ, ਤਾਂ ਪੰਜਾਬ ਮੁੜ ਤੋਂ ਖੁਸ਼ਹਾਲੀ ਅਤੇ ਤਰੱਕੀ ਦੇ ਰਸਤੇ 'ਤੇ ਚੱਲ ਸਕਦਾ ਹੈ।ਨੌਜਵਾਨ ਵਰਗ ਦੀ ਮਹੱਤਤਾ:ਨੌਜਵਾਨ ਕਿਸੇ ਵੀ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਉਹਨਾਂ ਵਿੱਚ ਨਵੀਂ ਸੋਚ, ਜੋਖ਼ਮ ਉਠਾਉਣ ਦੀ ਹਿੰਮਤ ਅਤੇ ਮਿਹਨਤ ਕਰਨ ਦੀ ਸਮਰੱਥਾ ਹੁੰਦੀ ਹੈ। ਨੌਜਵਾਨ ਪੁਰਾਣੀਆਂ ਰਵਾਇਤਾਂ ਨੂੰ ਨਵੇਂ ਵਿਚਾਰਾਂ ਨਾਲ ਜੋੜ ਕੇ ਤਰੱਕੀ ਦੇ ਨਵੇਂ ਰਸਤੇ ਖੋਲ੍ਹ ਸਕਦੇ ਹਨ। ਪੰਜਾਬ ਵਿੱਚ ਵੀ ਨੌਜਵਾਨ ਵਰਗ ਕੋਲ ਉਹ ਸਮਰੱਥਾ ਹੈ ਜੋ ਪੰਜਾਬ ਦੀ ਦਿਸ਼ਾ ਬਦਲ ਸਕਦੀ ਹੈ।ਅੱਜ ਦਾ ਨੌਜਵਾਨ ਪੜ੍ਹਿਆ-ਲਿਖਿਆ ਹੈ ਅਤੇ ਦੁਨੀਆ ਨਾਲ ਜੁੜਿਆ ਹੋਇਆ ਹੈ। ਤਕਨਾਲੋਜੀ ਅਤੇ ਇੰਟਰਨੈੱਟ ਨੇ ਉਸ ਦੀ ਸੋਚ ਨੂੰ ਵਿਸ਼ਾਲ ਬਣਾਇਆ ਹੈ। ਜੇਕਰ ਇਹ ਤਾਕਤ ਪੰਜਾਬ ਦੀ ਭਲਾਈ ਲਈ ਵਰਤੀ ਜਾਵੇ, ਤਾਂ ਪੰਜਾਬ ਦੀਆਂ ਕਈ ਸਮੱਸਿਆਵਾਂ ਦਾ ਹੱਲ ਨਿਕਲ ਸਕਦਾ ਹੈ।ਸਿੱਖਿਆ ਦੇ ਖੇਤਰ ਵਿੱਚ ਨੌਜਵਾਨਾਂ ਦਾ ਯੋਗਦਾਨਸਿੱਖਿਆ ਕਿਸੇ ਵੀ ਸਮਾਜ ਦੀ ਤਰੱਕੀ ਦਾ ਆਧਾਰ ਹੁੰਦੀ ਹੈ। ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਸਿੱਖਿਆ ਨੂੰ ਕੇਵਲ ਨੌਕਰੀ ਹਾਸਲ ਕਰਨ ਦਾ ਸਾਧਨ ਨਾ ਸਮਝਣ, ਸਗੋਂ ਸਮਾਜ ਦੀ ਸੇਵਾ ਦਾ ਮਾਧਿਅਮ ਬਣਾਉਣ। ਪੜ੍ਹੇ-ਲਿਖੇ ਨੌਜਵਾਨ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਨੂੰ ਜਾਗਰੂਕ ਕਰ ਸਕਦੇ ਹਨ।ਨੌਜਵਾਨ ਗਰੀਬ ਬੱਚਿਆਂ ਨੂੰ ਮੁਫ਼ਤ ਪੜ੍ਹਾ ਸਕਦੇ ਹਨ, ਲਾਇਬ੍ਰੇਰੀਆਂ ਸਥਾਪਿਤ ਕਰ ਸਕਦੇ ਹਨ ਅਤੇ ਲੋਕਾਂ ਨੂੰ ਸਿੱਖਿਆ ਦੇ ਮਹੱਤਵ ਬਾਰੇ ਸਮਝਾ ਸਕਦੇ ਹਨ। ਪੰਜਾਬ ਵਿੱਚ ਕਈ ਅਜਿਹੇ ਇਲਾਕੇ ਹਨ ਜਿੱਥੇ ਅਜੇ ਵੀ ਸਿੱਖਿਆ ਦਾ ਪੱਧਰ ਕਮਜ਼ੋਰ ਹੈ। ਉੱਥੇ ਨੌਜਵਾਨ ਸੇਵਾ ਭਾਵਨਾ ਨਾਲ ਕੰਮ ਕਰਕੇ ਵੱਡਾ ਬਦਲਾਅ ਲਿਆ ਸਕਦੇ ਹਨ।ਨਸ਼ਿਆਂ ਦੇ ਖ਼ਿਲਾਫ਼ ਨੌਜਵਾਨਾਂ ਦੀ ਭੂਮਿਕਾ:ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਬਹੁਤ ਗੰਭੀਰ ਰੂਪ ਧਾਰ ਚੁੱਕੀ ਹੈ। ਕਈ ਨੌਜਵਾਨ ਨਸ਼ਿਆਂ ਦੀ ਲਪੇਟ ਵਿੱਚ ਆ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਭਵਿੱਖ ਬਰਬਾਦ ਕਰ ਰਹੇ ਹਨ। ਇਸ ਸਮੱਸਿਆ ਦਾ ਹੱਲ ਵੀ ਨੌਜਵਾਨਾਂ ਦੇ ਹੱਥ ਵਿੱਚ ਹੈ।ਸਭ ਤੋਂ ਪਹਿਲਾਂ ਨੌਜਵਾਨਾਂ ਨੂੰ ਖੁਦ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਉਹ ਹੋਰਨਾਂ ਨੂੰ ਵੀ ਜਾਗਰੂਕ ਕਰਨ। ਖੇਡਾਂ, ਧਾਰਮਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਨੌਜਵਾਨਾਂ ਨੂੰ ਸਹੀ ਰਸਤੇ 'ਤੇ ਲਿਆਂਦਾ ਜਾ ਸਕਦਾ ਹੈ।

ਜੇਕਰ ਪਿੰਡਾਂ ਵਿੱਚ ਨੌਜਵਾਨ ਮਿਲ ਕੇ ਖੇਡ ਕਲੱਬ ਬਣਾਉਣ ਅਤੇ ਸਮਾਜਕ ਮੁਹਿੰਮਾਂ ਚਲਾਉਣ, ਤਾਂ ਨਸ਼ਿਆਂ ਨੂੰ ਕਾਫ਼ੀ ਹੱਦ ਤੱਕ ਰੋਕਿਆ ਜਾ ਸਕਦਾ ਹੈ।ਕਿਸਾਨੀ ਦੇ ਵਿਕਾਸ ਵਿੱਚ ਨੌਜਵਾਨਾਂ ਦਾ ਯੋਗਦਾਨ:ਪੰਜਾਬ ਨੂੰ ਭਾਰਤ ਦਾ ਅੰਨਦਾਤਾ ਕਿਹਾ ਜਾਂਦਾ ਹੈ। ਪਰ ਅੱਜ ਪੰਜਾਬ ਦੀ ਕਿਸਾਨੀ ਕਈ ਮੁਸ਼ਕਲਾਂ ਦਾ ਸਾਹਮਣਾ ਕਰ ਰਹੀ ਹੈ। ਮਿੱਟੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ, ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ ਅਤੇ ਕਿਸਾਨ ਕਰਜ਼ੇ ਹੇਠ ਦਬੇ ਹੋਏ ਹਨ।ਪੜ੍ਹੇ-ਲਿਖੇ ਨੌਜਵਾਨ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਕਿਸਾਨੀ ਨੂੰ ਨਵੀਂ ਦਿਸ਼ਾ ਦੇ ਸਕਦੇ ਹਨ। ਜੈਵਿਕ ਖੇਤੀ, ਡ੍ਰਿਪ ਸਿੰਚਾਈ, ਨਵੀਆਂ ਫਸਲਾਂ ਅਤੇ ਖੇਤੀ ਨਾਲ ਸੰਬੰਧਿਤ ਉਦਯੋਗ ਸ਼ੁਰੂ ਕਰਕੇ ਪੰਜਾਬ ਦੀ ਆਰਥਿਕਤਾ ਮਜ਼ਬੂਤ ਕੀਤੀ ਜਾ ਸਕਦੀ ਹੈ। ਨੌਜਵਾਨਾਂ ਨੂੰ ਖੇਤੀ ਨੂੰ ਹੇਠਲਾ ਕੰਮ ਸਮਝਣ ਦੀ ਬਜਾਏ ਇਸ ਨੂੰ ਕਾਰੋਬਾਰ ਅਤੇ ਸੇਵਾ ਦੇ ਰੂਪ ਵਿੱਚ ਦੇਖਣਾ ਚਾਹੀਦਾ ਹੈ।ਵਾਤਾਵਰਣ ਦੀ ਸੁਰੱਖਿਆਪੰਜਾਬ ਵਿੱਚ ਪ੍ਰਦੂਸ਼ਣ ਅਤੇ ਵਾਤਾਵਰਣ ਦੀ ਸਮੱਸਿਆ ਵੀ ਵੱਧ ਰਹੀ ਹੈ। ਦਰੱਖਤਾਂ ਦੀ ਕਟਾਈ, ਪਰਾਲੀ ਸਾੜਨਾ ਅਤੇ ਪਾਣੀ ਪ੍ਰਦੂਸ਼ਣ ਨੇ ਕੁਦਰਤ ਨੂੰ ਨੁਕਸਾਨ ਪਹੁੰਚਾਇਆ ਹੈ। ਨੌਜਵਾਨਾਂ ਨੂੰ ਵਾਤਾਵਰਣ ਦੀ ਸੁਰੱਖਿਆ ਲਈ ਅੱਗੇ ਆਉਣਾ ਚਾਹੀਦਾ ਹੈ।ਦਰੱਖਤ ਲਗਾਉਣ ਦੀਆਂ ਮੁਹਿੰਮਾਂ, ਪਾਣੀ ਬਚਾਉਣ ਦੇ ਉਪਰਾਲੇ ਅਤੇ ਸਫ਼ਾਈ ਅਭਿਆਨ ਰਾਹੀਂ ਨੌਜਵਾਨ ਵੱਡਾ ਯੋਗਦਾਨ ਪਾ ਸਕਦੇ ਹਨ। ਜੇਕਰ ਹਰ ਨੌਜਵਾਨ ਸਾਲ ਵਿੱਚ ਕੁਝ ਦਰੱਖਤ ਵੀ ਲਗਾਏ ਅਤੇ ਉਹਨਾਂ ਦੀ ਸੰਭਾਲ ਕਰੇ, ਤਾਂ ਪੰਜਾਬ ਦਾ ਵਾਤਾਵਰਣ ਕਾਫ਼ੀ ਸੁਧਰ ਸਕਦਾ ਹੈ।

**ਸੱਭਿਆਚਾਰ ਅਤੇ ਮਾਂ-ਬੋਲੀ ਦੀ ਰੱਖਿਆ:**

ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਪੰਜਾਬ ਦੀ ਪਛਾਣ ਹਨ। ਪਰ ਅੱਜ ਕਈ ਨੌਜਵਾਨ ਆਪਣੀ ਭਾਸ਼ਾ ਅਤੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ। ਪੰਜਾਬ ਦੀ ਭਲਾਈ ਲਈ ਨੌਜਵਾਨਾਂ ਨੂੰ ਆਪਣੀ ਮਾਂ-ਬੋਲੀ, ਇਤਿਹਾਸ ਅਤੇ ਰਿਵਾਇਤਾਂ ਨਾਲ ਜੁੜਨਾ ਪਵੇਗਾ।ਪੰਜਾਬੀ ਭਾਸ਼ਾ ਵਿੱਚ ਲਿਖਣਾ, ਪੜ੍ਹਨਾ ਅਤੇ ਬੋਲਣਾ ਨੌਜਵਾਨਾਂ ਦੀ ਜ਼ਿੰਮੇਵਾਰੀ ਹੈ। ਪੰਜਾਬੀ ਸਾਹਿਤ, ਲੋਕ-ਗੀਤ, ਲੋਕ-ਨਾਚ ਅਤੇ ਇਤਿਹਾਸ ਨੂੰ ਅੱਗੇ ਵਧਾਉਣ ਲਈ ਨੌਜਵਾਨ ਮਹੱਤਵਪੂਰਨ ਰੋਲ ਨਿਭਾ ਸਕਦੇ ਹਨ। ਜੇਕਰ ਨੌਜਵਾਨ ਆਪਣੀ ਪਛਾਣ ਨੂੰ ਸੰਭਾਲਣਗੇ, ਤਾਂ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਸੁਰੱਖਿਅਤ ਰਹੇਗੀ।

**ਸਮਾਜਿਕ ਸੇਵਾ ਵਿੱਚ ਨੌਜਵਾਨਾਂ ਦੀ ਭੂਮਿਕਾ:**

ਸਮਾਜ ਦੀ ਭਲਾਈ ਲਈ ਸੇਵਾ ਭਾਵਨਾ ਬਹੁਤ ਜ਼ਰੂਰੀ ਹੈ। ਪੰਜਾਬ ਦੇ ਨੌਜਵਾਨ ਲੰਗਰ ਸੇਵਾ, ਖੂਨਦਾਨ ਕੈਂਪ, ਗਰੀਬਾਂ ਦੀ ਮਦਦ ਅਤੇ ਕੁਦਰਤੀ ਆਫ਼ਤਾਂ ਸਮੇਂ ਸਹਾਇਤਾ ਦੇ ਕੇ ਸਮਾਜ ਨੂੰ ਮਜ਼ਬੂਤ ਕਰ ਸਕਦੇ ਹਨ।ਸਿੱਖ ਧਰਮ ਵੀ "ਸੇਵਾ" ਅਤੇ "ਸਰਬੱਤ ਦੇ ਭਲੇ" ਦਾ ਸੰਦੇਸ਼ ਦਿੰਦਾ ਹੈ। ਜੇਕਰ ਨੌਜਵਾਨ ਇਸ ਸਿੱਖਿਆ ਨੂੰ ਆਪਣੇ ਜੀਵਨ ਵਿੱਚ ਅਪਣਾਉਣ, ਤਾਂ ਸਮਾਜ ਵਿੱਚ ਪਿਆਰ, ਏਕਤਾ ਅਤੇ ਭਾਈਚਾਰਾ ਵਧੇਗਾ। ਰਾਜਨੀਤਿਕ ਜਾਗਰੂਕਤਾਪੰਜਾਬ ਦੀ ਤਰੱਕੀ ਲਈ ਨੌਜਵਾਨਾਂ ਦਾ ਰਾਜਨੀਤਿਕ ਤੌਰ 'ਤੇ ਜਾਗਰੂਕ ਹੋਣਾ ਵੀ ਬਹੁਤ ਜ਼ਰੂਰੀ ਹੈ। ਨੌਜਵਾਨਾਂ ਨੂੰ ਸਹੀ ਅਤੇ ਇਮਾਨਦਾਰ ਨੇਤ੍ਰਿਤਵ ਦੀ ਚੋਣ ਕਰਨੀ ਚਾਹੀਦੀ ਹੈ। ਉਹਨਾਂ ਨੂੰ ਵੋਟ ਦੇ ਅਧਿਕਾਰ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ।ਜੇਕਰ ਨੌਜਵਾਨ ਭ੍ਰਿਸ਼ਟਾਚਾਰ, ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਇਕੱਠੇ ਹੋਣ, ਤਾਂ ਪੰਜਾਬ ਦੀ ਰਾਜਨੀਤੀ ਵਿੱਚ ਵੀ ਸੁਧਾਰ ਆ ਸਕਦਾ ਹੈ। ਨੌਜਵਾਨਾਂ ਨੂੰ ਜਾਤ-ਪਾਤ ਅਤੇ ਧਰਮ ਦੇ ਨਾਮ 'ਤੇ ਵੰਡਣ ਵਾਲੀ ਸੋਚ ਤੋਂ ਉੱਪਰ ਉਠ ਕੇ ਪੰਜਾਬ ਦੀ ਭਲਾਈ ਬਾਰੇ ਸੋਚਣਾ ਚਾਹੀਦਾ ਹੈ।

**ਖੇਡਾਂ ਅਤੇ ਤੰਦਰੁਸਤੀ:**

ਤੰਦਰੁਸਤ ਨੌਜਵਾਨ ਹੀ ਤੰਦਰੁਸਤ ਪੰਜਾਬ ਦੀ ਨੀਂਹ ਰੱਖ ਸਕਦੇ ਹਨ। ਖੇਡਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਦੀਆਂ ਹਨ ਅਤੇ ਉਹਨਾਂ ਵਿੱਚ ਅਨੁਸ਼ਾਸਨ ਅਤੇ ਆਤਮਵਿਸ਼ਵਾਸ ਪੈਦਾ ਕਰਦੀਆਂ ਹਨ।ਪੰਜਾਬ ਵਿੱਚ ਕਬੱਡੀ, ਹਾਕੀ, ਕੁਸ਼ਤੀ ਅਤੇ ਐਥਲੈਟਿਕਸ ਵਰਗੀਆਂ ਖੇਡਾਂ ਦੀ ਸ਼ਾਨਦਾਰ ਪਰੰਪਰਾ ਰਹੀ ਹੈ। ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨਾ ਚਾਹੀਦਾ ਹੈ ਅਤੇ ਹੋਰਨਾਂ ਨੂੰ ਵੀ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਨਾਲ ਪੰਜਾਬ ਦਾ ਨਾਮ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਹੋਵੇਗਾ।ਤਕਨਾਲੋਜੀ ਅਤੇ ਰੋਜ਼ਗਾਰਅੱਜ ਦਾ ਯੁੱਗ ਤਕਨਾਲੋਜੀ ਦਾ ਯੁੱਗ ਹੈ। ਪੰਜਾਬ ਦੇ ਨੌਜਵਾਨ ਆਈ.ਟੀ., ਡਿਜ਼ੀਟਲ ਮੀਡੀਆ, ਆਨਲਾਈਨ ਕਾਰੋਬਾਰ ਅਤੇ ਸਟਾਰਟਅਪ ਰਾਹੀਂ ਨਵੇਂ ਰੋਜ਼ਗਾਰ ਦੇ ਮੌਕੇ ਪੈਦਾ ਕਰ ਸਕਦੇ ਹਨ। ਇਸ ਨਾਲ ਬੇਰੁਜ਼ਗਾਰੀ ਘਟੇਗੀ ਅਤੇ ਪੰਜਾਬ ਦੀ ਆਰਥਿਕਤਾ ਮਜ਼ਬੂਤ ਹੋਵੇਗੀ।ਨੌਜਵਾਨਾਂ ਨੂੰ ਵਿਦੇਸ਼ ਜਾਣ ਦੀ ਦੌੜ ਵਿੱਚ ਆਪਣੀ ਯੋਗਤਾ ਨੂੰ ਕੇਵਲ ਬਾਹਰਲੇ ਦੇਸ਼ਾਂ ਲਈ ਹੀ ਵਰਤਣ ਦੀ ਬਜਾਏ ਪੰਜਾਬ ਵਿੱਚ ਵੀ ਨਵੇਂ ਮੌਕੇ ਬਣਾਉਣੇ ਚਾਹੀਦੇ ਹਨ। ਜੇਕਰ ਯੋਗ ਨੌਜਵਾਨ ਪੰਜਾਬ ਵਿੱਚ ਰਹਿ ਕੇ ਕੰਮ ਕਰਨ, ਤਾਂ ਪੰਜਾਬ ਮੁੜ ਖੁਸ਼ਹਾਲ ਬਣ ਸਕਦਾ ਹੈ।

**ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ:**

ਨੌਜਵਾਨਾਂ ਲਈ ਨੈਤਿਕਤਾ ਅਤੇ ਆਧਿਆਤਮਿਕਤਾ ਬਹੁਤ ਜ਼ਰੂਰੀ ਹੈ। ਗੁਰੂ ਸਾਹਿਬਾਨਾਂ ਦੀ ਸਿੱਖਿਆ ਮਨੁੱਖਤਾ, ਸੇਵਾ, ਇਮਾਨਦਾਰੀ ਅਤੇ ਹਿੰਮਤ ਦਾ ਸੰਦੇਸ਼ ਦਿੰਦੀ ਹੈ। ਜੇਕਰ ਨੌਜਵਾਨ ਗੁਰਬਾਣੀ ਅਤੇ ਚੰਗੀਆਂ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ, ਤਾਂ ਉਹ ਗਲਤ ਰਸਤੇ 'ਤੇ ਨਹੀਂ ਜਾਣਗੇ।ਧਾਰਮਿਕ ਸਿੱਖਿਆ ਨੌਜਵਾਨਾਂ ਨੂੰ ਅੰਦਰੂਨੀ ਤਾਕਤ ਅਤੇ ਸਹੀ ਸੋਚ ਦਿੰਦੀ ਹੈ। ਇਸ ਨਾਲ ਉਹ ਆਪਣੇ ਜੀਵਨ ਨੂੰ ਵੀ ਸੁਧਾਰ ਸਕਦੇ ਹਨ ਅਤੇ ਸਮਾਜ ਦੀ ਭਲਾਈ ਵਿੱਚ ਵੀ ਯੋਗਦਾਨ ਪਾ ਸਕਦੇ ਹਨ।ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦਾ ਭਵਿੱਖ ਨੌਜਵਾਨ ਵਰਗ ਦੇ ਹੱਥ ਵਿੱਚ ਹੈ। ਜੇਕਰ ਨੌਜਵਾਨ ਆਪਣੀ ਤਾਕਤ, ਸਮਾਂ ਅਤੇ ਯੋਗਤਾ ਨੂੰ ਸਹੀ ਦਿਸ਼ਾ ਵਿੱਚ ਵਰਤਣ, ਤਾਂ ਪੰਜਾਬ ਦੀਆਂ ਬਹੁਤੀਆਂ ਸਮੱਸਿਆਵਾਂ ਦਾ ਹੱਲ ਸੰਭਵ ਹੈ। ਨਸ਼ਿਆਂ ਤੋਂ ਦੂਰ ਰਹਿ ਕੇ, ਸਿੱਖਿਆ ਨੂੰ ਅਪਣਾ ਕੇ, ਖੇਤੀ ਅਤੇ ਵਾਵਾਤਾਵਰਣ ਦੀ ਸੰਭਾਲ ਕਰਕੇ, ਮਾਂ-ਬੋਲੀ ਅਤੇ ਸੱਭਿਆਚਾਰ ਦੀ ਰੱਖਿਆ ਕਰਕੇ ਅਤੇ ਸਮਾਜਿਕ ਸੇਵਾ ਵਿੱਚ ਹਿੱਸਾ ਲੈ ਕੇ ਨੌਜਵਾਨ ਪੰਜਾਬ ਦੀ ਤਕਦੀਰ ਬਦਲ ਸਕਦੇ ਹਨ।ਪੰਜਾਬ ਦੀ ਭਲਾਈ ਲਈ ਕੇਵਲ ਸਰਕਾਰਾਂ 'ਤੇ ਨਿਰਭਰ ਰਹਿਣਾ ਕਾਫ਼ੀ ਨਹੀਂ। ਹਰ ਨੌਜਵਾਨ ਨੂੰ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਪਵੇਗਾ। ਜਦੋਂ ਨੌਜਵਾਨ ਜਾਗਰੂਕ, ਇਮਾਨਦਾਰ ਅਤੇ ਮਿਹਨਤੀ ਬਣਨਗੇ, ਤਾਂ ਪੰਜਾਬ ਮੁੜ ਤੋਂ ਖੁਸ਼ਹਾਲ, ਤੰਦਰੁਸਤ ਅਤੇ ਤਰੱਕੀਸ਼ੀਲ ਸੂਬਾ ਬਣੇਗਾ। "ਸਰਬੱਤ ਦੇ ਭਲੇ" ਦੀ ਭਾਵਨਾ ਨਾਲ ਕੰਮ ਕਰਨ ਵਾਲਾ ਨੌਜਵਾਨ ਹੀ ਪੰਜਾਬ ਦੀ ਅਸਲ ਤਾਕਤ ਹੈ।

ਗੁਰਪ੍ਰੀਤ ਸਿੰਘ, ਸੰਪਾਦਕ, ਖ਼ਾਲਸਾ ਅਖ਼ਬਾਰ

# ਸੇਵਾ ਦੇ ਖੇਤਰ ਦੇ ਉੱਘੇ ਹਸਤਾਖਰ-ਬਾਬਾ ਖੜਕ ਸਿੰਘ ਕਾਰਸੇਵਾ ਵਾਲੇ

ਕਾਰਸੇਵਾ ਉਹੀ ਮਨੁੱਖ ਕਰ ਸਕਦਾ ਹੈ, ਜਿਸ ਦੇ ਹਿਰਦੇ ਵਿੱਚ ਪਰਉਪਕਾਰ ਵਸਿਆ ਹੋਵੇ । ਮਨੁੱਖਤਾ ਦੀ ਭਲਾਈ ਅਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੋਣਾ ਕੋਈ ਸੁਖੈਨ ਕੰਮ ਨਹੀਂ । ਇਸ ਵੱਡੇ ਖੇਤਰ ਵਿੱਚ ਜਾਣ ਤੋਂ ਪਹਿਲਾਂ ਆਪਣਾ ਜੀਵਨ ਗੁਰੂ-ਘਰ ਨੂੰ ਸਮਰਪਿਤ ਕਰਨਾ ਪੈਂਦਾ ਹੈ । ਮਨ ਵਿੱਚ ਖੋਟ ਰੱਖਣ ਵਾਲੇ ਇਨਸਾਨ ਲੋਕ ਮਨਾਂ ਵਿੱਚੋਂ ਨਿਕਲ ਜਾਂਦੇ ਹਨ । ਜਿਹੜੇ ਰੱਬੀ ਜਿਊੜੇ ਇਸ ਖੇਤਰ ਵਿੱਚ ਤਨ ਮਨ ਧਨ ਨਾਲ ਸੰਗਤ ਦੀ ਸੇਵਾ ਵਿੱਚ ਰਾਤ-ਦਿਨ ਕੁੱਦ ਪੈਂਦੇ ਹਨ, ਉਹ ਇਸ ਧਰਤੀ ਦਾ ਸ਼ਿੰਗਾਰ ਬਣ ਜਾਂਦੇ ਹਨ । ਅਜਿਹੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ ਬਾਬਾ ਖੜਕ ਸਿੰਘ ਕਾਰਸੇਵਾ ਵਾਲੇ । ਕਾਰਸੇਵਾ ਦੇ ਖੇਤਰ ਨਾਲੋਂ ਵੱਧ ਕੇ ਉਹ ਅਜਿਹੀ ਰੰਗ ਰੱਤੜੀ ਆਤਮਾ ਦੇ ਮਾਲਕ ਸਨ, ਜਿਨ੍ਹਾਂ ਆਪਣੀ ਹਯਾਤੀ ਦੇ ਦੌਰਾਨ ਹਜ਼ਾਰਾਂ ਘਰਾਂ ਵਿੱਚ ਪਏ ਕਲਾ-ਕਲੇਸ਼ ਅਤੇ ਗੰਭੀਰ ਝਗੜੇ ਨਿਪਟਾਏ, ਜਿਨ੍ਹਾਂ ਨਾਲ ਕਿੰਨੇ ਕਤਲ ਹੋਣ ਤੋਂ ਸਮਾਜ ਨੂੰ ਬਚਾਇਆ । ਲੱਖਾਂ ਪਰਿਵਾਰਾਂ ਨੂੰ ਇਸ ਕੀਮਤੀ ਤੇ ਬਹੁਮੁੱਲੇ ਜੀਵਨ ਨੂੰ ਜੀਊਣ ਲਈ ਜੀਵਨ ਜਾਚ ਸਮਝਾਈ । ਪਰਿਵਾਰਾਂ ਵਿੱਚ ਮਿਲ ਬੈਠ ਕੇ ਪਿਆਰ ਤੇ ਪ੍ਰੇਮ ਨਾਲ ਰਹਿਣ ਦੀ ਪ੍ਰੇਰਣਾ ਦਿੱਤੀ । ਇਹ ਅਜਿਹੀ ਸੇਵਾ ਸੀ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਦੇ ਮਨਾਂ ਵਿੱਚੋਂ ਮੈਲ ਕੱਢ ਕੇ ਗੁਰੂ-ਘਰ ਨਾਲ ਜੋੜਨ ਦਾ ਵੱਡਾ ਉਪਰਾਲਾ ਕੀਤਾ । ਬਾਬਾ ਖੜਕ ਸਿੰਘ ਦਾ ਜਨਮ ਲਾਹੌਰ (ਲਹਿੰਦਾ ਪੰਜਾਬ) ਜ਼ਿਲ੍ਹੇ ਦੇ ਪਿੰਡ ਬਰਕੀ ਵਿੱਚ ਸ। ਪਾਲਾ ਸਿੰਘ ਅਤੇ ਮਾਤਾ ਦਾਨ ਕੌਰ ਦੇ ਗ੍ਰਹਿ ਵਿਖੇ 1895 ਈ: ਵਿੱਚ ਹੋਇਆ । ਪਰਿਵਾਰਕ ਜ਼ਿੰਮੇਵਾਰੀ ਨੂੰ ਸਮਝਦਿਆਂ ਪਹਿਲਾਂ ਦੇਸ਼ ਦੀ ਫੌਜ ਵਿੱਚ ਭਰਤੀ ਹੋ ਕੇ ਚੰਗੇ ਸਿਪਾਹੀ ਦੇ ਫਰਜ਼ ਨੂੰ ਨਿਭਾਇਆ । ਜਵਾਨੀ ਵਿੱਚ ਹੀ ਰੱਬੀ-ਪ੍ਰੇਮ ਵਿੱਚ ਵੈਰਾਗ ਅਵਸਥਾ ਵਿੱਚ ਵਿਚਰਦਿਆਂ ਮਨੁੱਖਤਾ ਦੇ ਭਲੇ ਲਈ ਜੀਵਨ ਬਤੀਤ ਕਰਨ ਦੀ ਖਿੱਚ ਕਾਰਨ ਮਨ ਉਚਾਟ ਰਹਿਣ ਲੱਗ ਗਿਆ । ਫੌਜ ਵਿੱਚੋਂ ਵਾਪਸ ਆ ਕੇ ਸੰਤ-ਸਿਪਾਹੀ ਵਜੋਂ ਵਿਚਰਨਾ ਸ਼ੁਰੂ ਕਰ ਦਿੱਤਾ । ਥੋੜ੍ਹੇ ਸਮੇਂ ਵਿੱਚ ਕਾਰਸੇਵਾ ਦੇ ਖੇਤਰ ਦੀ ਵੱਡੀ ਹਸਤੀ ਬਾਬਾ ਨਿਧਾਨ ਸਿੰਘ ਕਾਰਸੇਵਾ ਵਾਲਿਆਂ ਦੇ ਜਥੇ ਵਿੱਚ ਸ਼ਾਮਿਲ ਹੋ ਗਏ । ਉਦੋਂ ਹੁਣ ਵਾਂਗ ਇਸ ਖੇਤਰ ਵਿੱਚ ਮਾਇਆ ਦਾ ਪ੍ਰਭਾਵ ਨਹੀਂ ਸੀ । ਸੇਵਾ ਤਨਦੇਹੀ ਨਾਲ ਨਿਭਾਉਣੀ ਪੈਂਦੀ ਸੀ । ਇਨ੍ਹਾਂ ਦਿਨਾਂ ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ । ਮਰਜੀਵੜੇ ਸਿੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਘਰ-ਘਾਟਾਂ ਨੂੰ ਤਿਆਗ ਕੇ ਜਾਨ ਨਾਲੋਂ ਪਿਆਰੇ ਗੁਰਧਾਮਾਂ ਨੂੰ ਮਾੜੇ ਪ੍ਰਬੰਧ ਤੋਂ ਅਜ਼ਾਦ ਕਰਵਾਉਣਾ ਚਾਹੁੰਦੇ ਸਨ । ਕਾਰਸੇਵਾ ਵਿੱਚ ਤਨ-ਦੇਹੀ ਨਾਲ ਸੇਵਾ ਨਿਭਾਉਂਦਿਆਂ ਜੈਤੋ ਦੇ ਮੋਰਚੇ ਦੌਰਾਨ ਗ੍ਰਿਫ਼ਤਾਰ ਹੋ ਗਏ । ਮੋਰਚਾ ਫ਼ਤਹਿ ਹੋਣ ਤੱਕ ਕੈਦ ਕੱਟੀ । ਜੇਲ੍ਹ ਵਿੱਚੋਂ ਵਾਪਸ ਆਉਂਦਿਆਂ ਹੀ ਮੁੜ ਕਾਰਸੇਵਾ ਨੂੰ ਸਮਰਪਿਤ ਹੋ ਗਏ। ਉਸ ਸਮੇਂ ਆਪ ਕਾਰਸੇਵਾ ਦੇ ਖੇਤਰ ਦੀ ਉੱਘੀ ਹਸਤੀ ਬਾਬਾ ਗੁਰਮੁੱਖ ਸਿੰਘ ਕਾਰਸੇਵਾ



ਸੰਤ ਬਾਬਾ ਖੜਕ ਸਿੰਘ ਜੀ (1895-1986)

ਵਾਲਿਆਂ ਦੀ ਅਗਵਾਈ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਯਾਦਗਾਰੀ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਕਾਰਸੇਵਾ ਵਿੱਚ ਜੁੱਟੇ ਹੋਏ ਸਨ । ਇਸੇ ਦੌਰਾਨ ਇਕ ਦਿਨ ਲਾਹੌਰ ਵਿਖੇ ਕਾਬਲ (ਅਫ਼ਗਾਨਿਸਤਾਨ) ਤੋਂ ਇਕ ਜਥਾ ਦਰਸ਼ਨਾਂ ਲਈ ਆਇਆ । ਉਦੋਂ ਅਫ਼ਗਾਨਿਸਤਾਨ ਦੇ ਸਿੰਘਾਂ ਦੀ ਸ਼ਰਧਾ ਤੇ ਪਿਆਰ ਵੇਖ ਕੇ ਉਨ੍ਹਾਂ ਨਾਲ ਸੇਵਾ ਦੇ ਪ੍ਰਥਾਇ ਵਿਚਾਰ ਕਰ ਰਹੇ ਸਨ ਤਾਂ ਉਸ ਆਈ ਹੋਈ ਸੰਗਤ ਨੇ ਬੀੜ ਬਾਬਾ ਬੁੱਢਾ ਸਾਹਿਬ ਦੀ ਨਵ-ਉਸਾਰੀ ਲਈ ਬੇਨਤੀ ਕੀਤੀ । ਬਾਬਾ ਗੁਰਮੁੱਖ ਸਿੰਘ ਨੇ ਬਾਬਾ ਖੜਕ ਸਿੰਘ ਨੂੰ ਇਕ ਜ਼ਿੰਮੇਵਾਰ ਕਾਰ-ਸੇਵਕ ਵਜੋਂ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਦੀ ਸੇਵਾ ਸੌਂਪ ਦਿੱਤੀ । ਬਾਬਾ ਜੀ ਲਾਹੌਰ ਤੋਂ ਸੀਮਤ ਜਿਹਾ ਉਸਾਰੀ ਦਾ ਸਮਾਨ ਲੈ ਕੇ ਬੀੜ ਬਾਬਾ ਬੁੱਢਾ ਸਾਹਿਬ ਪਹੁੰਚ ਗਏ । ਇਥੇ ਪੁੱਜਦਿਆਂ ਹੀ ਸਭ ਤੋਂ ਪਹਿਲਾਂ ਪਾਵਨ-ਸਰੋਵਰ ਅਤੇ ਇਸ ਤੋਂ ਪਿੱਛੋਂ ਗੁਰਦੁਆਰਾ ਸਾਹਿਬ ਦੇ ਨਵ-ਨਿਰਮਾਣ ਦੀ ਸੇਵਾ ਸ਼ੁਰੂ ਕੀਤੀ । ਇਸ ਕਾਰਸੇਵਾ ਤੋਂ ਇਲਾਵਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੌਜੂਦਾ ਆਧੁਨਿਕ ਲੰਗਰ ਦੀ ਇਮਾਰਤ ਦੀ ਸੇਵਾ ਨੂੰ ਪ੍ਰਮੁੱਖ ਫਰਜ਼ ਸਮਝਦੇ ਨਿਭਾਇਆ । ਇਸ ਸੇਵਾ ਤੋਂ ਪਿੱਛੋਂ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਅੰਮ੍ਰਿਤ ਸਰੋਵਰ ਲਈ ਪੁਰਾਤਨ ਹੰਸਲੀ ਦੇ ਨਵ-ਨਿਰਮਾਣ ਲਈ ਜਲ ਲਿਆਉਣ ਦੀ ਸੇਵਾ ਨੂੰ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸੰਪੂਰਨ ਕੀਤਾ । ਸ੍ਰੀ ਗੋਇੰਦਵਾਲ ਸਾਹਿਬ ਦੇ ਨੇੜੇ ਬਿਆਸ ਦਰਿਆ ਉੱਪਰ ਬਣ ਰਹੇ ਪੁੱਲ ਦੀ ਉਸਾਰੀ ਲਈ ਵੀ ਯੋਗਦਾਨ ਪਾਇਆ । ਇਨ੍ਹਾਂ ਸੇਵਾਵਾਂ ਤੋਂ ਇਲਾਵਾ ਬੀੜ ਸਾਹਿਬ ਦੇ ਇਲਾਕੇ ਵਿੱਚ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਡੇ ਯਤਨਾਂ ਨੂੰ ਸਫ਼ਲਤਾ ਨਾਲ ਸਿਰੇ ਚਾੜ੍ਹਿਆ । ਬਾਬਾ ਬੁੱਢਾ ਸਾਹਿਬ ਕਾਲਜ, ਬਾਬਾ ਬੁੱਢਾ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਅਤੇ ਪਬਲਿਕ ਸਕੂਲ ਆਪ ਜੀ ਦੀ ਵਿੱਦਿਅਕ ਸੇਵਾਵਾਂ ਪ੍ਰਤੀ ਲਗਨ ਦੇ ਪ੍ਰਤੱਖ ਸਬੂਤ ਹਨ । ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ 1984 ਈ: ਵਿੱਚ ਵਾਪਰੇ ਕਤਲਾਮ ਅਤੇ ਘੱਲੂਘਾਰੇ ਨੇ ਆਪ ਨੂੰ ਧੁਰ-ਅੰਦਰੋਂ ਹਿਲਾ ਕੇ ਰੱਖ ਦਿੱਤਾ । ਇਸ ਘੱਲੂਘਾਰੇ ਦਾ ਉਨ੍ਹਾਂ ਦੀ ਅੰਤਰ-ਆਤਮਾ 'ਤੇ ਗਹਿਰਾ ਅਸਰ ਹੋਇਆ । ਘੱਲੂਘਾਰੇ ਤੋਂ ਦੋ ਕੁ ਸਾਲ ਪਿੱਛੋਂ 30 ਮਈ, 1986 ਈ: ਨੂੰ ਸਰੀਰ ਕਰਕੇ ਕੁਝ ਸਮਾਂ ਢਿੱਲੇ ਹੋਣ ਪਿੱਛੋਂ ਆਪਣੇ ਪੰਚ-ਭੂਤਕ ਸਰੀਰ ਨੂੰ ਛੱਡ ਕੇ ਸਚਖੰਡ ਜਾ ਬਿਰਾਜੇ । ਉਨ੍ਹਾਂ ਤੋਂ ਪਿੱਛੋਂ ਇਨ੍ਹਾਂ ਕਾਰਸੇਵਾਵਾਂ ਨੂੰ ਬਾਬਾ ਦਰਸ਼ਨ ਸਿੰਘ ਬਾਖੂਬੀ ਨਿਭਾਉਂਦੇ ਰਹੇ । ਮੌਜੂਦਾ ਸਮੇਂ ਇਨ੍ਹਾਂ ਸੇਵਾਵਾਂ ਨੂੰ ਬਾਬਾ ਸੰਤੋਖ ਸਿੰਘ ਪੂਰੀ ਤਨ-ਦੇਹੀ ਨਾਲ ਸਰ-ਅੰਜ਼ਾਮ ਦੇ ਰਹੇ ਹਨ । ਬਾਬਾ ਖੜਕ ਸਿੰਘ ਅਤੇ ਬਾਬਾ ਦਰਸ਼ਨ ਸਿੰਘ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਹੋ ਰਹੇ ਹਨ ।

**-ਭਗਵਾਨ ਸਿੰਘ ਜੌਹਲ**

# ਚਮਕ-ਦਮਕ ਦੁਨੀਆਂ ਦੇ ਸ਼ੋਰ ਵਿਚ ਗੁਆਚਦਾ ਪੰਜਾਬੀ ਸਾਹਿਤ ਤੇ ਪੁਸਤਕ ਸੱਭਿਆਚਾਰ ਬਨਾਮ ਬੋਧਿਕ ਸੰਕਟ

ਅੱਜ ਦੇ ਦੌਰ ਵਿੱਚ ਜਦੋਂ ਬਾਜ਼ਾਰੂ ਮਨੋਰੰਜਨ ਅਤੇ ਡਿਜੀਟਲ ਚਕਾਚੌਂਧ ਨੇ ਮਨੁੱਖੀ ਚੇਤਨਾ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ, ਸਾਹਿਤ ਅਤੇ ਸਮਾਜ ਦਾ ਰਿਸ਼ਤਾ ਇੱਕ ਗੰਭੀਰ ਮੋੜ 'ਤੇ ਖੜ੍ਹਾ ਹੈ। ਹਿੰਦੀ, ਅੰਗਰੇਜ਼ੀ ਅਤੇ ਹੋਰ ਖੇਤਰੀ ਭਾਸ਼ਾਵਾਂ ਦੇ ਸਾਹਿਤਕ ਜਗਤ ਵਾਂਗ ਪੰਜਾਬੀ ਭਾਸ਼ਾ ਵਿੱਚ ਵੀ ਇਹ ਚਿੰਤਾ ਲਗਾਤਾਰ ਡੂੰਘੀ ਹੋ ਰਹੀ ਹੈ ਕਿ ਪਿਛਲੇ ਤਿੰਨ-ਚਾਰ ਦਹਾਕਿਆਂ ਵਿੱਚ ਮੱਧ ਵਰਗ ਦੀ ਸੱਭਿਆਚਾਰਕ ਅਤੇ ਸਮਾਜਿਕ ਜਾਗਰੂਕਤਾ ਵਿੱਚ ਭਾਰੀ ਗਿਰਾਵਟ ਆਈ ਹੈ। ਘਰਾਂ ਦੇ ਨਕਸ਼ਿਆਂ ਵਿੱਚ ਹੁਣ ਵੱਡੇ ਟੀ.ਵੀ. ਯੂਨਿਟਾਂ ਅਤੇ ਸਜਾਵਟੀ ਸਾਮਾਨ ਲਈ ਤਾਂ ਜਗ੍ਹਾ ਹੈ, ਪਰ ਕਿਤਾਬਾਂ ਲਈ ਅਲਮਾਰੀ ਬਣਾਉਣਾ ਹੁਣ ਪਹਿਲ ਨਹੀਂ ਰਹੀ।ਕਿਤਾਬਾਂ ਦੀ ਜਗ੍ਹਾ ਟੈਲੀਵਿਜ਼ਨ ਦੇ ਸਸਤੇ ਨਾਟਕਾਂ, ਪ੍ਰਾਯੋਜਿਤ ਬਹਿਸਾਂ, ਸੋਸ਼ਲ ਮੀਡੀਆ ਦੀਆਂ ਰੀਲਾਂ ਅਤੇ ਧਾਰਮਿਕ ਕੱਟੜਤਾ ਨੇ ਲੈ ਲਈ ਹੈ। ਅਜੋਕੇ ਡਿਜੀਟਲ ਯੁੱਗ ਵਿੱਚ, ਜਿੱਥੇ ਜਾਣਕਾਰੀ ਦੀ ਗਤੀ ਬੇਮਿਸਾਲ ਹੈ, ਉੱਥੇ ਪੜ੍ਹਨ ਦੇ ਸੱਭਿਆਚਾਰ ਵਿੱਚ ਆ ਰਹੀ ਗਿਰਾਵਟ ਪੰਜਾਬ ਲਈ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ।ਨਵੀਂ ਪੀੜ੍ਹੀ ਦਾ ਆਪਣੀ ਮਾਂ-ਬੋਲੀ ਅਤੇ ਸਾਹਿਤ ਨਾਲੋਂ ਨਾਤਾ ਟੁੱਟ ਰਿਹਾ ਹੈ, ਜਿਸ ਕਾਰਨ ਸਾਹਿਤਕ ਰਚਨਾਵਾਂ ਸਿਰਫ਼ ਕੁਝ ਖ਼ਾਸ ਵਰਗਾਂ ਤੱਕ ਹੀ ਸੀਮਤ ਰਹਿ ਗਈਆਂ ਹਨ। ਕਿਤਾਬਾਂ ਪੜ੍ਹਨਾ ਸਿਰਫ਼ ਇੱਕ ਸ਼ੌਂਕ ਨਹੀਂ, ਸਗੋਂ ਇਹ ਮਨੁੱਖੀ ਚੇਤਨਾ, ਹਮਦਰਦੀ ਅਤੇ ਆਲੋਚਨਾਤਮਕ ਸੋਚ ਨੂੰ ਵਿਕਸਤ ਕਰਨ ਦਾ ਇੱਕ ਅਹਿਮ ਜ਼ਰੀਆ ਹੈ। ਜੇਕਰ ਅਸੀਂ ਪੜ੍ਹਨ ਦੀ ਆਦਤ ਨੂੰ ਗੁਆ ਰਹੇ ਹਾਂ, ਤਾਂ ਅਸੀਂ ਸਿਰਫ਼ ਸ਼ਬਦਾਂ ਨੂੰ ਹੀ ਨਹੀਂ, ਸਗੋਂ ਆਪਣੀ ਸੋਚਣ ਦੀ ਸ਼ਕਤੀ, ਕੌਮੀ ਬੌਧਿਕਤਾ ਅਤੇ ਸਮਾਜਿਕ ਸੰਵੇਦਨਸ਼ੀਲਤਾ ਨੂੰ ਵੀ ਗੁਆ ਰਹੇ ਹਾਂ। ਸਾਹਿਤ ਕਿਸੇ ਵੀ ਕੌਮ ਦੀ ਰੂਹ ਹੁੰਦਾ ਹੈ; ਜੇ ਪਾਠਕ ਘਟ ਰਹੇ ਹਨ, ਤਾਂ ਇਸ ਦਾ ਸਿੱਧਾ ਮਤਲਬ ਹੈ ਕਿ ਕੌਮ ਬੌਧਿਕ ਤੌਰ 'ਤੇ ਨਿਵਾਣਾਂ ਵੱਲ ਜਾ ਰਹੀ ਹੈ। ਫਰਾਂਸੀਸੀ ਦਾਰਸ਼ਨਿਕ ਵਾਲਟੇਅਰ ਨੇ ਕਿਸੇ ਸਮੇਂ ਆਖਿਆ ਸੀ ਕਿ "ਸੰਸਾਰ 'ਤੇ ਸਿਰਫ਼ ਦੋ ਹੀ ਤਾਕਤਾਂ ਰਾਜ ਕਰਦੀਆਂ ਹਨ—ਇੱਕ ਤਲਵਾਰ ਅਤੇ ਦੂਜੀ ਮਨੁੱਖੀ ਗਿਆਨ; ਪਰ ਅੰਤ ਵਿੱਚ ਤਲਵਾਰ ਹਮੇਸ਼ਾ ਗਿਆਨ ਦੇ ਅਧੀਨ ਹੋ ਜਾਂਦੀ ਹੈ।" ਅੱਜ ਪੰਜਾਬ ਅੰਦਰ ਇਸੇ ਸੋਚ ਦੀ ਗੁਲਾਮੀ ਦਾ ਸੰਕਟ ਖੜ੍ਹਾ ਹੋ ਗਿਆ ਹੈ ,ਕਿਉਂਕਿ ਮਨੁੱਖੀ ਸੋਚ ਨੂੰ ਸਿਰਜਣ ਵਾਲੀਆਂ ਪੁਸਤਕਾਂ ਸਾਡੇ ਜੀਵਨ ਵਿੱਚੋਂ ਮਨਫ਼ੀ ਹੋ ਰਹੀਆਂ ਹਨ।ਲੇਖਕ ਸਿਰਫ਼ ਸ਼ਬਦਾਂ ਦਾ ਜਾਦੂਗਰ ਨਹੀਂ ਹੁੰਦਾ, ਸਗੋਂ ਉਹ ਆਪਣੇ ਸਮੇਂ ਦਾ ਗਵਾਹ ਹੁੰਦਾ ਹੈ। ਪਰ ਜਦੋਂ ਸਮਾਜ ਹੀ ਸਾਹਿਤ ਤੋਂ ਮੂੰਹ ਮੋੜ ਲਵੇ, ਤਾਂ ਲੇਖਕ ਅੱਗੇ ਇਹ ਸਵਾਲ ਖੜ੍ਹਾ ਹੋ ਜਾਂਦਾ ਹੈ ਕਿ ਉਹ 'ਕਿਸ ਲਈ' ਅਤੇ 'ਕਿਉਂ' ਲਿਖ ਰਿਹਾ ਹੈ? ਦੇ ਉਹ ਪਾਠਕਾਂ ਦੀ ਕਮੀਂ ਕਾਰਣ ਨਹੀਂ ਲਿਖੇਗਾ ਤਾਂ ਪੁਰਾਤਨ ਇਤਿਹਾਸ ,ਵਿਰਸਾ ,ਗਿਆਨ,ਸਾਹਿਤ ਗੁਆਚ ਜਾਵੇਗਾ।ਮੱਧ ਵਰਗ ਦੇ ਘਰਾਂ ਵਿੱਚੋਂ ਲਾਇਬ੍ਰੇਰੀਆਂ ਗਾਇਬ ਹੋ ਰਹੀਆਂ ਹਨ। ਅਕਾਦਮਿਕ ਜਗਤ ਵਿੱਚ ਚਾਪਲੂਸੀ ਅਤੇ ਨੈਤਿਕ ਪਤਨ ਦਾ ਬੋਲਬਾਲਾ ਹੈ।ਸ਼ਬਦ ਦੀ ਕੀਮਤ ਘਟੀ ਹੈ ਅਤੇ ਬਾਜ਼ਾਰ ਨੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਵਿਗਾੜ ਦਿੱਤਾ ਹੈ।ਪ੍ਰਕਾਸ਼ਕ ਅਤੇ ਮੀਡੀਆ ਹਾਊਸ ਸਿਰਫ਼ ਉਹ ਸਮੱਗਰੀ ਪਰੋਸ ਰਹੇ ਹਨ ਜੋ 'ਵਿਕਦੀ' ਹੈ, ਭਾਵੇਂ ਉਹ ਕਿੰਨੀ ਵੀ ਘਟੀਆ ਜਾਂ ਗੁੰਮਰਾਹਕੁੰਨ ਕਿਉਂ ਨਾ ਹੋਵੇ। ਇਸ ਨਾਲ ਉੱਚ-ਪਾਏ ਦਾ ਸਾਹਿਤ ਹਾਸ਼ੀਏ 'ਤੇ ਚਲਾ ਗਿਆ ਹੈ।ਜੇਕਰ ਸਮਾਜ ਵਿੱਚੋਂ ਸਾਹਿਤ ਖ਼ਤਮ ਹੋ ਜਾਵੇਗਾ, ਤਾਂ ਮਨੁੱਖ ਸਿਰਫ਼ ਇੱਕ 'ਮਸ਼ੀਨ' ਬਣ ਕੇ ਰਹਿ ਜਾਵੇਗਾ। ਸਾਹਿਤ ਹੀ ਸਾਨੂੰ ਦੂਜੇ ਦੇ ਦੁੱਖ ਨੂੰ ਮਹਿਸੂਸ ਕਰਨਾ ਸਿਖਾਉਂਦਾ ਹੈ।ਸਾਹਿਤ ਹੀ ਦੱਸਦਾ ਹੈ ਕਿ ਕਿਸੇ ਦੌਰ ਵਿੱਚ ਮਨੁੱਖ ਨੇ ਕਿਵੇਂ ਸੰਘਰਸ਼ ਕੀਤਾ। ਜੇ ਸ਼ਬਦ ਮਰ ਗਏ, ਤਾਂ ਮਨੁੱਖਤਾ ਦਾ ਇਤਿਹਾਸ ਅਤੇ ਉਸ ਦੀ ਨੈਤਿਕਤਾ ਵੀ ਮਰ ਜਾਵੇਗੀ।ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ "ਕੇਵਲ ਲਿਖਣਾ ਹੀ ਲੇਖਕ ਦੀ ਮੁਕਤੀ ਨਹੀਂ ਹੈ।" ਲਿਖਣ ਦੇ ਨਾਲ-ਨਾਲ ਇੱਕ ਨਵੀਂ ਅਤੇ ਸੰਵੇਦਨਸ਼ੀਲ ਦੁਨੀਆਂ ਦੇ ਨਿਰਮਾਣ ਵਿੱਚ ਹਿੱਸਾ ਲੈਣਾ ਵੀ ਸਾਹਿਤਕਾਰ ਦਾ ਉਨਾ ਹੀ ਵੱਡਾ ਦਾਇਰਾ ਹੈ। ਜਦੋਂ ਤੱਕ ਸਮਾਜ ਆਪਣੀ ਜ਼ਿੰਮੇਵਾਰੀ ਪ੍ਰਤੀ ਜਾਗਰੂਕ ਨਹੀਂ ਹੁੰਦਾ, ਉਦੋਂ ਤੱਕ ਲੇਖਕ ਦੀ ਨਿੱਜੀ ਮੁਕਤੀ ਦੇ ਕੋਈ ਅਰਥ ਨਹੀਂ ਰਹਿ ਜਾਂਦੇ।ਅੱਜ ਦੇ ਕਠਿਨ ਸਮੇਂ ਵਿੱਚ, ਲੇਖਕ ਦੀ ਚੁੱਪ ਵੀ ਇੱਕ ਕਿਸਮ ਦਾ ਵਿਸਫੋਟ ਹੋ ਸਕਦੀ ਹੈ। ਇਹ ਚੁੱਪ ਨਿਰਾਸ਼ਾ ਦੀ ਨਹੀਂ, ਸਗੋਂ ਇੱਕ ਨਵੀਂ ਰਚਨਾਤਮਕ ਕ੍ਰਾਂਤੀ ਦੀ ਤਿਆਰੀ ਹੋਣੀ ਚਾਹੀਦੀ ਹੈ। ਸਾਨੂੰ ਇਹ ਸਮਝਣਾ ਹੋਵੇਗਾ ਕਿ ਸਾਹਿਤ ਦੀ ਹੋਂਦ ਹੀ ਮਨੁੱਖਤਾ ਦੀ ਹੋਂਦ ਨਾਲ ਜੁੜੀ ਹੋਈ ਹੈ। ਜੇਕਰ ਅਸੀਂ ਸ਼ਬਦ ਦੀ ਗਰਿਮਾ ਨੂੰ ਬਚਾਉਣਾ ਹੈ, ਤਾਂ ਸਾਨੂੰ ਆਪਣੇ ਆਲੇ-ਦੁਆਲੇ ਦੀ ਪੁਸਤਕ ਸਭਿਆਚਾਰ ਦੀ ਰੁਚੀ ਨੂੰ ਮੁੜ ਸੁਰਜੀਤ ਕਰਨਾ ਹੋਵੇਗਾ।ਪੰਜਾਬ ਵਿੱਚ ਪੁਸਤਕ ਸੱਭਿਆਚਾਰ ਦੇ ਨਿਘਾਰ ਅਤੇ ਪਾਠਕਾਂ ਦੇ ਲਗਾਤਾਰ ਘਟਣ ਪਿੱਛੇ ਕਈ ਗੰਭੀਰ ਸਮਾਜਿਕ, ਵਿੱਦਿਅਕ ਅਤੇ ਮਨੋਵਿਗਿਆਨਕ ਕਾਰਨ ਕੰਮ ਕਰ ਰਹੇ ਹਨ। ਸਭ ਤੋਂ ਵੱਡਾ ਕਾਰਨ ਡਿਜੀਟਲ ਭਟਕਣਾ ਅਤੇ ਘਟਦਾ ਏਕਾਗਰਤਾ ਦਾ ਸਮਾਂ ਹੈ। ਸੋਸ਼ਲ ਮੀਡੀਆ ਨੇ ਪੰਜਾਬੀਆਂ ਦੀ ਇਕਾਗਰਤਾ ਨੂੰ ਬੁਰੀ ਤਰ੍ਹਾਂ ਘਟਾ ਦਿੱਤਾ ਹੈ, ਜਿੱਥੇ 30 ਸੈਕਿੰਡ ਦੀ ਰੀਲ ਜਾਂ ਵੀਡੀਓ ਦੇਖਣੀ ਸੌਖੀ ਲੱਗਦੀ ਹੈ, ਪਰ ਇੱਕ ਕਿਤਾਬ ਦਾ ਪੰਨਾ ਪੜ੍ਹਨ ਲਈ ਜਿਸ ਧੀਰਜ ਦੀ ਲੋੜ ਹੁੰਦੀ ਹੈ, ਉਸ ਦੀ ਘਾਟ ਹੈ। ਇਸ 'ਛੋਟੇ ਅਤੇ ਜਲਦੀ ਖ਼ਤਮ ਹੋਣ ਵਾਲੇ' ਕੰਟੈਂਟ ਨੇ ਸਾਡੇ ਪੜ੍ਹਨ ਦੇ ਢੰਗ ਵਿੱਚ ਇੱਕ ਖ਼ਤਰਨਾਕ ਤਬਦੀਲੀ ਆਉਂਦੀ ਹੈ—ਅਸੀਂ ਹੁਣ ਡੂੰਘਾਈ ਨਾਲ ਪੜ੍ਹਨ ਦੀ ਬਜਾਏ ਸਿਰਫ਼ ਸਰਸਰੀ ਨਜ਼ਰ ਮਾਰਦੇ ਹਾਂ, ਜੋ ਸਾਡੀ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਨੂੰ ਕਮਜ਼ੋਰ ਕਰ ਰਿਹਾ ਹੈ।ਇਸ ਦੇ ਨਾਲ ਹੀ, ਪੰਜਾਬ ਵਿੱਚ ਹਿੰਦੀ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਦਾ ਗਲਬਾ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਭਾਰੀ ਢਾਹ ਲਗਾ ਰਿਹਾ ਹੈ। ਸਾਡੇ ਸਮਾਜ ਵਿੱਚ ਇੱਕ ਵੱਡੀ ਮਾਨਸਿਕ ਬੁਰਾਈ ਇਹ ਪੈਦਾ ਹੋ ਗਈ ਹੈ ਕਿ ਅੰਗਰੇਜ਼ੀ ਜਾਂ ਹਿੰਦੀ ਬੋਲਣ ਨੂੰ 'ਸਭਿਅਕ ਹੋਣ ਦੀ ਨਿਸ਼ਾਨੀ' ਅਤੇ ਪੰਜਾਬੀ ਪੜ੍ਹਨ-ਬੋਲਣ ਨੂੰ 'ਪਛੜੇਵੇਂ' ਦੀ ਨਿਸ਼ਾਨੀ ਮੰਨਿਆ ਜਾਣ ਲੱਗ ਪਿਆ ਹੈ। ਜਦੋਂ ਮਾਪੇ ਅਤੇ ਸਕੂਲ ਬੱਚਿਆਂ ਨੂੰ ਮੁੱਢ ਤੋਂ ਹੀ ਆਪਣੀ ਮਾਂ-ਬੋਲੀ ਪੜ੍ਹਨ ਲਈ ਉਤਸ਼ਾਹਿਤ ਨਹੀਂ ਕਰਦੇ, ਤਾਂ ਉਹ ਕੁਦਰਤੀ ਤੌਰ 'ਤੇ ਆਪਣੇ ਮੂਲ ਸਾਹਿਤ ਤੇ ਸਭਿਆਚਾਰ ਨਾਲੋਂ ਹਮੇਸ਼ਾ ਲਈ ਟੁੱਟ ਜਾਂਦੇ ਹਨ। ਅਜੋਕੇ ਦੌਰ ਵਿੱਚ ਪੜ੍ਹਾਈ ਸਿਰਫ਼ 'ਨੌਕਰੀ' ਜਾਂ ਵਿਦੇਸ਼ ਜਾਣ ਦਾ ਇੱਕ ਸਾਧਨ ਬਣ ਕੇ ਰਹਿ ਗਈ ਹੈ, ਜਿੱਥੇ ਸਾਡੀ ਵਿੱਦਿਅਕ ਪ੍ਰਣਾਲੀ ਸਿਰਫ਼ ਰੱਟਾ-ਪ੍ਰਵਿਰਤੀ 'ਤੇ ਜ਼ੋਰ ਦਿੰਦੀ ਹੈ। ਜਦੋਂ ਪੜ੍ਹਨਾ ਸਿਰਫ਼ ਇਮਤਿਹਾਨ ਪਾਸ ਕਰਨ ਅਤੇ ਡਿਗਰੀ ਲੈਣ ਦਾ ਇੱਕ ਜ਼ਰੀਆ ਬਣ ਜਾਂਦਾ ਹੈ, ਤਾਂ ਵਿਦਿਆਰਥੀਆਂ ਵਿੱਚੋਂ ਨਵੀਂ ਜਗਿਆਸਾ ਖ਼ਤਮ ਹੋ ਜਾਂਦੀ ਹੈ। ਪੰਜਾਬੀ ਸਾਹਿਤ ਜਾਂ ਇਤਿਹਾਸ ਪੜ੍ਹਨ ਨਾਲ ਸਿੱਧੇ ਤੌਰ 'ਤੇ ਕੋਈ ਮੋਟੀ ਕਮਾਈ ਵਾਲਾ ਕੈਰੀਅਰ ਨਜ਼ਰ ਨਹੀਂ ਆਉਂਦਾ, ਜਿਸ ਕਾਰਨ ਇਸ 'ਉਪਯੋਗਤਾਵਾਦੀ' ਸੋਚ ਨੇ ਬੌਧਿਕ ਪੜ੍ਹਾਈ ਨੂੰ ਬਹੁਤ ਪਿੱਛੇ ਧੱਕ ਦਿੱਤਾ ਹੈ।ਇਹ ਬੜੀ ਹੈਰਾਨੀ ਅਤੇ ਚਿੰਤਾ ਦੀ ਗੱਲ ਹੈ ਕਿ ਜਿਸ ਕੌਮ ਦਾ ਆਧਾਰ ਹੀ ' ਗੁਰੂ ਗ੍ਰੰਥ ਸਾਹਿਬ' (ਸ਼ਬਦ ਗੁਰੂ ਤੇ ਗਿਆਨ) ਹੈ, ਉਸ ਦੇ ਸਾਹਿਤਕ ਪਾਠਕ ਕਿਉਂ ਘਟ ਰਹੇ ਹਨ ਅਤੇ ਸਿੱਖ ਬੌਧਿਕਤਾ ਨਿਵਾਣਾਂ ਵੱਲ ਕਿਉਂ ਜਾ ਰਹੀ ਹੈ? ਸਿੱਖ ਸਾਹਿਤ ਅਤੇ ਇਤਿਹਾਸ ਦੇ ਖੇਤਰ ਵਿੱਚ ਇੱਕ ਵੱਡੀ ਕਮੀ ਇਹ ਰਹੀ ਹੈ ਕਿ ਅਸੀਂ ਅਜੇ ਵੀ ਪੁਰਾਣੇ ਢੰਗਾਂ ਨਾਲ ਹੀ ਗੱਲਾਂ ਕਰ ਰਹੇ ਹਾਂ। ਕਈ ਵਾਰ ਸਿੱਖ ਸਾਹਿਤ ਅਤੇ ਦਾਰਸ਼ਨਿਕਤਾ ਦੀ ਭਾਸ਼ਾ ਇੰਨੀ ਔਖੀ ਹੁੰਦੀ ਹੈ ਕਿ ਅਜੋਕੀ ਪੀੜ੍ਹੀ ਉਸ ਨੂੰ ਸਮਝ ਨਹੀਂ ਪਾਉਂਦੀ।ਅਜੋਕੇ ਯੁੱਗ ਵਿੱਚ ਨੌਜਵਾਨਾਂ ਨੂੰ ਆਕਰਸ਼ਿਤ ਕਰਨ ਲਈ ਗ੍ਰਾਫਿਕ ਨਾਵਲ, ਆਡੀਓ ਬੁੱਕਸ, ਈ-ਬੁੱਕਸ ਅਤੇ ਸ਼ਾਨਦਾਰ ਡਿਜ਼ਾਈਨ ਵਾਲੀਆਂ ਕਿਤਾਬਾਂ ਦੀ ਲੋੜ ਹੈ, ਜਿਸ ਪੱਖੋਂ ਸਾਡਾ ਸਿੱਖ ਸਾਹਿਤ ਕਾਫ਼ੀ ਪਿੱਛੇ ਰਹਿ ਗਿਆ ਹੈ। ਹਾਲਾਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੇਂ-ਸਮੇਂ 'ਤੇ ਇਤਿਹਾਸਕ ਕਿਤਾਬਾਂ ਛਾਪਣ ਦੇ ਉਪਰਾਲੇ ਕੀਤੇ ਹਨ, ਪਰ ਇਹ ਕੋਸ਼ਿਸ਼ਾਂ ਬਹੁਤ ਹੀ ਰਵਾਇਤੀ ਅਤੇ ਸੀਮਤ ਰਹੀਆਂ ਹਨ। ਸੰਸਥਾਵਾਂ ਆਧੁਨਿਕ ਮਾਰਕੀਟਿੰਗ, ਸਰਲ ਅਨੁਵਾਦ ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਸਾਹਿਤ ਨੂੰ ਨੌਜਵਾਨਾਂ ਤੱਕ ਪਹੁੰਚਾਉਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀਆਂ ਹਨ। ਧਾਰਮਿਕ ਅਦਾਰੇ ਬੌਧਿਕ ਖੋਜ ਕੇਂਦਰ ਬਣਾਉਣ ਦੀ ਬਜਾਏ ਇਮਾਰਤਾਂ ਦੀ ਸਜਾਵਟ ਵੱਲ ਵੱਧ ਕੇਂਦਰਿਤ ਹੋ ਗਏ ਹਨ। ਜਰਮਨ ਦਾਰਸ਼ਨਿਕ ਫਰੀਡਰਿਕ ਨੀਤਸ਼ੇ ਨੇ ਕਿਹਾ ਸੀ, "ਇੱਕ ਕੌਮ ਉਦੋਂ ਤੱਕ ਹੀ ਜ਼ਿੰਦਾ ਰਹਿੰਦੀ ਹੈ ਜਦੋਂ ਤੱਕ ਉਸ ਦੇ ਮੂਲ ਵਿਚਾਰਾਂ ਵਿੱਚ ਨਵੀਨਤਾ ਹੁੰਦੀ ਹੈ; ਜਦੋਂ ਵਿਚਾਰਾਂ ਦੀ ਥਾਂ ਸਿਰਫ਼ ਰਸਮਾਂ ਲੈ ਲੈਂਦੀਆਂ ਹਨ, ਤਾਂ ਬੌਧਿਕ ਮੌਤ ਨਿਸ਼ਚਿਤ ਹੈ।" ਸਿੱਖ ਬੌਧਿਕਤਾ ਦਾ ਸੰਕਟ ਵੀ ਇਹੀ ਹੈ ਕਿ ਅਸੀਂ ਵਿਚਾਰਧਾਰਕ ਡੂੰਘਾਈ ਨੂੰ ਛੱਡ ਕੇ ਸਿਰਫ਼ ਬਾਹਰੀ ਦਿਖਾਵੇ ਦੇ ਰਸਮੀ ਢਾਂਚੇ ਵਿੱਚ ਉਲਝ ਗਏ ਹਾਂ।ਵਿਸ਼ਵ ਦੇ ਕਈ ਵਿਕਸਿਤ ਦੇਸ਼ਾਂ ਵਿੱਚ ਆਧੁਨਿਕ ਯੁੱਗ ਦੇ ਬਾਵਜੂਦ ਪੜ੍ਹਨ ਦੀ ਰੁਚੀ ਬਹੁਤ ਉੱਚੇ ਪੱਧਰ 'ਤੇ ਕਾਇਮ ਹੈ ਅਤੇ ਪੰਜਾਬ ਨੂੰ ਇਸ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਜੇਕਰ ਅਸੀਂ ਫਿਨਲੈਂਡ ਦੇ ਸਿੱਖਿਆ ਮਾਡਲ ਨੂੰ ਦੇਖੀਏ, ਤਾਂ ਉੱਥੇ ਪੜ੍ਹਾਈ ਨੂੰ ਬੋਝ ਦੀ ਬਜਾਏ 'ਜੀਵਨ ਜਾਚ' ਵਜੋਂ ਸਿਖਾਇਆ ਜਾਂਦਾ ਹੈ। ਉੱਥੇ 16 ਸਾਲ ਦੀ ਉਮਰ ਤੱਕ ਕੋਈ ਰਾਸ਼ਟਰੀ ਇਮਤਿਹਾਨ ਨਹੀਂ ਹੁੰਦਾ ਅਤੇ ਬੱਚੇ ਅੰਕਾਂ ਲਈ ਨਹੀਂ, ਸਿਰਫ਼ ਸਿੱਖਣ ਲਈ ਪੜ੍ਹਦੇ ਹਨ। ਫਿਨਲੈਂਡ ਵਿੱਚ 'ਓਡੀ' ਵਰਗੀਆਂ ਦੁਨੀਆ ਦੀਆਂ ਸਭ ਤੋਂ ਵਧੀਆ ਲਾਇਬ੍ਰੇਰੀਆਂ ਹਨ, ਜੋ ਸਿਰਫ਼ ਕਿਤਾਬਾਂ ਦੇ ਘਰ ਨਹੀਂ, ਸਗੋਂ ਸਮਾਜਿਕ ਮਿਲਣ-ਗਿਲਣ ਦੇ ਕੇਂਦਰ ਹਨ। ਇਸੇ ਤਰ੍ਹਾਂ ਜਪਾਨ ਵਿੱਚ ਪੜ੍ਹਾਈ ਦੇ ਨਾਲ-ਨਾਲ ਨੈਤਿਕਤਾ ਅਤੇ ਅਨੁਸ਼ਾਸਨ 'ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਬੱਚਿਆਂ ਵਿੱਚ ਬਚਪਨ ਤੋਂ ਹੀ ਰੋਜ਼ਾਨਾ ਕੁਝ ਸਮਾਂ ਸ਼ਾਂਤ ਬੈਠ ਕੇ ਪੜ੍ਹਨ ਦੀ ਆਦਤ ਪਾਈ ਜਾਂਦੀ ਹੈ। ਸਿੰਗਾਪੁਰ ਵਿੱਚ ਵਿਗਿਆਨਕ ਸੋਚ ਅਤੇ ਆਲੋਚਨਾਤਮਕ ਵਿਸ਼ਲੇਸ਼ਣ 'ਤੇ ਜ਼ੋਰ ਹੈ, ਜਦਕਿ ਕੈਨੇਡਾ ਦੀ ਸਿੱਖਿਆ ਪ੍ਰਣਾਲੀ ਵਿੱਚ ਵੱਖ-ਵੱਖ ਸੱਭਿਆਚਾਰਾਂ ਨੂੰ ਸਮਝਣ ਅਤੇ ਸਮਾਜਿਕ ਸੂਝ ਵਧਾਉਣ 'ਤੇ ਕੰਮ ਕੀਤਾ ਜਾਂਦਾ ਹੈ। ਇਸੇ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਪੁਸਤਕਾਂ ਪੜ੍ਹਨ ਦਾ ਸੱਭਿਆਚਾਰ ਅਜੇ ਵੀ ਜਿਊਂਦਾ ਹੈ। ਰੂਸੀ ਲੇਖਕ ਲਿਓ ਤਾਲਸਤਾਏ ਨੇ ਲਿਖਿਆ ਸੀ, "ਪੜ੍ਹਨਾ ਮਨੁੱਖੀ ਆਤਮਾ ਨੂੰ ਵਿਸ਼ਵ ਦੀ ਸਭ ਤੋਂ ਮਹਾਨ ਚੇਤਨਾ ਨਾਲ ਜੋੜਨ ਦਾ ਇੱਕੋ-ਇੱਕ ਰਸਤਾ ਹੈ।" ਜਦੋਂ ਤੱਕ ਪੰਜਾਬ ਆਪਣੀ ਸਿੱਖਿਆ ਪ੍ਰਣਾਲੀ ਵਿੱਚ ਫਿਨਲੈਂਡ ਜਾਂ ਜਪਾਨ ਵਾਂਗ ਕਿਤਾਬਾਂ ਨੂੰ 'ਪ੍ਰੀਖਿਆ' ਤੋਂ ਮੁਕਤ ਕਰਕੇ 'ਆਨੰਦ' ਨਾਲ ਨਹੀਂ ਜੋੜਦਾ, ਉਦੋਂ ਤੱਕ ਪਾਠਕਾਂ ਦੀ ਇਹ ਵਾਪਸੀ ਸੰਭਵ ਨਹੀਂ ਹੈ।ਪੰਜਾਬੀ ਅਤੇ ਸਿੱਖ ਸਾਹਿਤ ਨੂੰ ਮੁੜ ਉਸਾਰਨ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਹੰਭਲਾ ਮਾਰਨਾ ਪਵੇਗਾ। ਪੜ੍ਹਨ ਦੀ ਘਾਟ ਦਾ ਸਭ ਤੋਂ ਗੰਭੀਰ ਪ੍ਰਭਾਵ ਸਮਾਜਿਕ ਹਮਦਰਦੀ ਵਿੱਚ ਆਈ ਕਮੀ ਹੈ। ਅੱਜ ਸੋਸ਼ਲ ਮੀਡੀਆ 'ਤੇ ਵਧ ਰਹੀ ਨਫ਼ਰਤ, ਟ੍ਰੋਲਿੰਗ ਅਤੇ ਗਾਲਨੁਮਾ ਟਿੱਪਣੀਆਂ ਇਸੇ ਗੱਲ ਦਾ ਸਿੱਟਾ ਹਨ ਕਿ ਅਸੀਂ ਸਾਹਿਤ ਤੇ ਗਿਆਨ ਤੋਂ ਦੂਰ ਹੋ ਕੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣਾ ਛੱਡ ਦਿੱਤਾ ਹੈ। ਇਸ ਨਿਘਾਰ ਨੂੰ ਰੋਕਣ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਜਨਮਦਿਨ 'ਤੇ ਪਲਾਸਟਿਕ ਦੇ ਖਿਡੌਣਿਆਂ ਜਾਂ ਮੋਬਾਈਲ ਦੀ ਬਜਾਏ ਬਾਲ-ਸਾਹਿਤ ਦੀਆਂ ਰੰਗਦਾਰ ਕਿਤਾਬਾਂ ਤੋਹਫ਼ੇ ਵਿੱਚ ਦੇਣ। ਪੰਜਾਬੀ ਅਤੇ ਸਿੱਖ ਸਾਹਿਤ ਨੂੰ ਵੱਡੇ ਪੱਧਰ 'ਤੇ 'ਈ-ਬੁੱਕਸ' ਅਤੇ 'ਆਡੀਓ ਬੁੱਕਸ' ਦੇ ਰੂਪ ਵਿੱਚ ਇੰਟਰਨੈੱਟ 'ਤੇ ਉਪਲਬਧ ਕਰਵਾਉਣਾ ਚਾਹੀਦਾ ਹੈ, ਤਾਂ ਜੋ ਮੋਬਾਈਲ 'ਤੇ ਸਮਾਂ ਬਿਤਾਉਣ ਵਾਲੀ ਪੀੜ੍ਹੀ ਨੂੰ ਉੱਥੇ ਹੀ ਚੰਗਾ ਕੰਟੈਂਟ ਮਿਲ ਸਕੇ। ਸਿਰਫ਼ ਵੱਡੇ ਸ਼ਹਿਰਾਂ ਤੱਕ ਸੀਮਤ ਨਾ ਰਹਿ ਕੇ ਪਿੰਡਾਂ ਅਤੇ ਕਸਬਿਆਂ ਦੇ ਪੱਧਰ 'ਤੇ 'ਮੋਬਾਈਲ ਲਾਇਬ੍ਰੇਰੀਆਂ' ਰਾਹੀਂ ਕਿਤਾਬ ਮੇਲੇ ਲਗਾਉਣੇ ਚਾਹੀਦੇ ਹਨ ਤਾਂ ਜੋ ਕਿਤਾਬਾਂ ਪਾਠਕਾਂ ਦੇ ਬੂਹੇ ਤੱਕ ਪਹੁੰਚ ਸਕਣ।ਸਿੱਖ ਸਾਹਿਤ ਦੀ ਉੱਨਤੀ ਲਈ ਸ਼੍ਰੋਮਣੀ ਕਮੇਟੀ, ਪੰਥਕ ਸੰਸਥਾਵਾਂ ਅਤੇ ਪ੍ਰਵਾਸੀ ਸਿੱਖਾਂ ਨੂੰ ਆਪਣੀ ਵੱਡੀ ਜ਼ਿੰਮੇਵਾਰੀ ਸਮਝਣੀ ਪਵੇਗੀ। ਸ਼੍ਰੋਮਣੀ ਕਮੇਟੀ ਨੂੰ ਆਪਣੇ ਬਜਟ ਦਾ ਇੱਕ ਵੱਡਾ ਹਿੱਸਾ ਹਰ ਗੁਰਦੁਆਰਾ ਸਾਹਿਬ ਵਿੱਚ ਆਧੁਨਿਕ, ਡਿਜੀਟਲ ਲਾਇਬ੍ਰੇਰੀਆਂ ਅਤੇ 'ਬੌਧਿਕ ਸੰਵਾਦ ਕੇਂਦਰ' ਸਥਾਪਿਤ ਕਰਨ ਲਈ ਲਗਾਉਣਾ ਚਾਹੀਦਾ ਹੈ, ਜਿੱਥੇ ਨੌਜਵਾਨ ਆ ਕੇ ਖੁੱਲ੍ਹੀ ਬਹਿਸ ਕਰ ਸਕਣ ਅਤੇ ਆਪਣੇ ਸ਼ੰਕਿਆਂ ਦੇ ਜਵਾਬ ਲੱਭ ਸਕਣ। ਪੰਥਕ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਔਖੇ ਸਿੱਖ ਫ਼ਲਸਫ਼ੇ ਅਤੇ ਸਾਹਿਤ ਨੂੰ ਸਰਲ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਅਨੁਵਾਦ ਕਰਵਾਉਣ ਲਈ ਵਿਦਵਾਨਾਂ ਨੂੰ ਵੱਡੀਆਂ ਫੈਲੋਸ਼ਿਪਾਂ ਦੇਣ। ਇਸ ਕਾਰਜ ਵਿੱਚ ਪ੍ਰਵਾਸੀ ਸਿੱਖ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਨ; ਉਹ ਪੰਜਾਬ ਦੇ ਪਿੰਡਾਂ ਵਿੱਚ ਡਿਜੀਟਲ ਲਾਇਬ੍ਰੇਰੀਆਂ ਖੋਲ੍ਹਣ ਲਈ ਵਿੱਤੀ ਮਦਦ ਦੇ ਸਕਦੇ ਹਨ ਅਤੇ ਪੱਛਮ ਵਿੱਚ ਬੈਠੇ ਆਪਣੇ ਬੱਚਿਆਂ ਲਈ ਸਿੱਖ ਸਾਹਿਤ ਨੂੰ ਆਧੁਨਿਕ ਆਡੀਓ-ਵਿਜ਼ੂਅਲ ਰੂਪ ਵਿੱਚ ਤਿਆਰ ਕਰਨ ਲਈ ਫੰਡਿੰਗ ਕਰ ਸਕਦੇ ਹਨ। ਮਸ਼ਹੂਰ ਦਾਰਸ਼ਨਿਕ ਫਰਾਂਸਿਸ ਬੇਕਨ ਨੇ ਕਿਹਾ ਸੀ, "ਕੁਝ ਕਿਤਾਬਾਂ ਸਿਰਫ਼ ਚੱਖਣ ਲਈ ਹੁੰਦੀਆਂ ਹਨ, ਕੁਝ ਨਿਗਲਣ ਲਈ, ਪਰ ਕੁਝ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਚਬਾਉਣਾ ਅਤੇ ਹਜ਼ਮ ਕਰਨਾ ਜ਼ਰੂਰੀ ਹੁੰਦਾ ਹੈ।" ਸਿੱਖ ਸਾਹਿਤ ਅਤੇ ਇਤਿਹਾਸ ਅਜਿਹਾ ਹੀ ਹਜ਼ਮ ਕਰਨ ਯੋਗ ਫ਼ਲਸਫ਼ਾ ਹੈ, ਜਿਸ ਨੂੰ ਅਜੋਕੇ ਮੁਹਾਵਰੇ ਵਿੱਚ ਪੇਸ਼ ਕਰਨਾ ਸਾਡਾ ਫ਼ਰਜ਼ ਹੈ।ਗੁਰਦੁਆਰਿਆਂ ਅਤੇ ਪਿੰਡਾਂ/ਸ਼ਹਿਰਾਂ ਵਿੱਚ ਆਧੁਨਿਕ ਲਾਇਬ੍ਰੇਰੀਆਂ ਬਣਾਈਆਂ ਜਾਣ ਜਿੱਥੇ ਸਿਰਫ਼ ਕਿਤਾਬਾਂ ਹੀ ਨਾ ਹੋਣ, ਸਗੋਂ ਬਹਿਸਾਂ ਅਤੇ ਵਿਚਾਰ-ਗੋਸ਼ਟੀਆਂ ਦਾ ਮਾਹੌਲ ਵੀ ਹੋਵੇ।ਸਾਹਿਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੀਆਂ ਰਚਨਾਵਾਂ ਲਿਖਣ ਜੋ ਅੱਜ ਦੇ ਨੌਜਵਾਨ ਦੀਆਂ ਮਨੋਵਿਗਿਆਨਕ ਸਮੱਸਿਆਵਾਂ ਦਾ ਹੱਲ ਸਿੱਖ ਦਰਸ਼ਨ ਵਿੱਚੋਂ ਲੱਭ ਕੇ ਦੇਣ। ਜੇਕਰ ਅਸੀਂ ਸਿੱਖ ਇਤਿਹਾਸ ਨੂੰ ਸਿਰਫ਼ 'ਸ਼ਹਾਦਤਾਂ ਦੀ ਗਾਥਾ' ਤੱਕ ਸੀਮਤ ਨਾ ਰੱਖ ਕੇ ਉਸ ਦੀ 'ਵਿਚਾਰਧਾਰਕ ਤਾਕਤ' ਨੂੰ ਸਾਹਮਣੇ ਲਿਆਵਾਂਗੇ, ਤਾਂ ਨੌਜਵਾਨ ਪੀੜ੍ਹੀ ਜ਼ਰੂਰ ਮਾਣ ਮਹਿਸੂਸ ਕਰੇਗੀ ਅਤੇ ਇਸ ਨਾਲ ਜੁੜੇਗੀ।ਹੁਣ ਉਹ ਸਮਾਂ ਆ ਗਿਆ ਹੈ ਕਿ ਅਸੀਂ ਸਮੂਹਿਕ ਤੌਰ 'ਤੇ ਕੋਸ਼ਿਸ਼ ਕਰੀਏ। ਵਿੱਦਿਅਕ ਅਦਾਰਿਆਂ, ਧਾਰਮਿਕ ਸੰਸਥਾਵਾਂ ਅਤੇ ਪ੍ਰਵਾਸੀ ਵੀਰਾਂ ਨੂੰ ਮਿਲ ਕੇ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਹੈ ਜਿੱਥੇ ਕਿਤਾਬਾਂ ਪੜ੍ਹਨਾ ਕੋਈ ਮਜ਼ਬੂਰੀ ਨਹੀਂ, ਸਗੋਂ ਇੱਕ ਰੂਹਾਨੀ ਆਨੰਦ ਹੋਵੇ। ਲਾਇਬ੍ਰੇਰੀਆਂ ਅਤੇ ਬੁੱਕ ਕਲੱਬਾਂ ਨੂੰ ਮੁੜ ਸੁਰਜੀਤ ਕਰਨ ਦੀ ਸਖ਼ਤ ਲੋੜ ਹੈ। ਜੇਕਰ ਅਸੀਂ ਇੱਕ ਸੂਝਵਾਨ, ਹਮਦਰਦ, ਬੌਧਿਕ ਅਤੇ ਨਵੀਨਤਾਕਾਰੀ ਪੰਜਾਬੀ ਸਮਾਜ ਚਾਹੁੰਦੇ ਹਾਂ, ਤਾਂ ਸਾਨੂੰ ਪੜ੍ਹਨ ਦੀ ਉਸ 'ਲੋਅ' ਨੂੰ ਮੁੜ ਜਗਾਉਣਾ ਪਵੇਗਾ, ਜੋ ਡਿਜੀਟਲ ਹਨੇਰੇ ਅਤੇ ਬਾਜ਼ਾਰੂ ਚਮਕ-ਦਮਕ ਵਿੱਚ ਕਿਤੇ ਗੁਆਚਦੀ ਜਾ ਰਹੀ ਹੈ। ਸ਼ਬਦ ਦੀ ਗਰਿਮਾ ਨੂੰ ਬਚਾਉਣਾ ਹੀ ਸਾਡੀ ਕੌਮੀ ਅਤੇ ਬੌਧਿਕ ਹੋਂਦ ਨੂੰ ਬਚਾਉਣਾ ਹੈ।ਭਾਵੇਂ ਅੱਜ ਦਾ ਸਮਾਂ ਕਠਿਨ ਹੈ ਅਤੇ ਚਾਰੇ ਪਾਸੇ ਬੌਧਿਕ ਹਨੇਰਾ ਜਾਪਦਾ ਹੈ, ਪਰ ਇੱਕ ਸੱਚਾ ਸਾਹਿਤਕਾਰ ਆਪਣੀ ਚੁੱਪ ਅਤੇ ਆਪਣੀ ਕਲਮ ਰਾਹੀਂ ਇੱਕ ਨਵੇਂ ਸਵੇਰੇ ਦੀ ਤਿਆਰੀ ਕਰ ਰਿਹਾ ਹੈ। ਸਾਹਿਤਕਾਰ ਦਾ ਅਸਲ ਕੰਮ ਸਮਾਜ ਦੀ ਸੁੱਤੀ ਹੋਈ ਚੇਤਨਾ ਨੂੰ ਮੁੜ ਸੁਰਜੀਤ ਕਰਨਾ ਹੈ ਤਾਂ ਜੋ ਮਨੁੱਖਤਾ ਜਿਊਂਦੀ ਰਹਿ ਸਕੇ

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

# ਸੁਣਿਐ ਦੂਖ ਪਾਪ ਕਾ ਨਾਸੁ

ਸਾਡੀ ਨਿਤ ਨੇਮ ਦੀਆਂ ਬਾਣੀਆਂ ਵਿਚੋਂ ਮੁਖ ਬਾਣੀ ਜਪੁ ਜੀ ਸਾਹਿਬ ਹੈ।
"ਸੁਣਿਐ ਦੂਖ ਪਾਪ ਕਾ ਨਾਸੁ।" ਇਹ ਪੰਗਤੀ ਜਪੁ ਜੀ ਸਾਹਿਬ ਵਿਚ ਚਾਰ ਵਾਰੀ ਦੁਹਰਾਈ ਗਈ ਹੈ (ਅੱਠਵੀਂ, ਨੌਵੀ, ਦਸਵੀਂ ਤੇ ਗਿਆਰਵੀਂ ਪਉੜੀ ਵਿੱਚ)। ਅਸੀਂ ਇਹ ਪਾਵਨ ਪੰਗਤੀ ਸੈਂਕੜੇ ਵਾਰੀ ਪੜ੍ਹਦੇ ਸੁਣਦੇ ਹਾਂ। ਕੀ ਸਾਡੇ ਦੁੱਖਾਂ ਤੇ ਪਾਪਾਂ ਦਾ ਨਾਸ ਹੁੰਦਾ ਲਗਦਾ ਹੈ ? ਜੇ ਨਹੀਂ, ਤਾਂ ਗਲਤੀ ਕਿਥੇ ਹੋ ਰਹੀ ਹੈ। ਜੇ ਗੁਰੂ ਜੀ ਕਹਿੰਦੇ ਹਨ ਕਿ ਬਾਣੀ ਪੜ੍ਹਨ-ਸੁਣਨ ਨਾਲ ਦੁੱਖਾਂ ਪਾਪਾਂ ਦਾ ਨਾਸ ਹੁੰਦਾ ਹੈ ਤੇ ਅਸੀਂ ਬਾਣੀ ਹਜ਼ਾਰਾਂ ਵਾਰੀ ਪੜ੍ਹੀ ਸੁਣੀ ਹੈ ਤਾਂ ਸਾਡੇ ਦੁੱਖਾਂ ਪਾਪਾਂ ਦਾ ਨਾਸ ਹਾਲੀ ਤਕ ਕਿਉਂ ਨਹੀਂ ਹੋਇਆ? ਇਸ ਸਬੰਧੀ ਅਸੀਂ ਵਿਚਾਰ ਕਰਦੇ ਹਾਂ ਕਿ ਪੜ੍ਹਨਾ ਕਿਸ ਨੂੰ ਹੈ ਤੇ ਪੜ੍ਹਨਾ ਕਿਦਾਂ ਹੈ।ਪੜ੍ਹਨਾ ਕਿਸ ਨੂੰ ਹੈ? ਜ਼ਾਹਰ ਹੈ ਕਿ ਗੁਰਬਾਣੀ ਨੂੰ। ਪਰ ਗੁਰਬਾਣੀ ਹੈ ਕੀ? ਇਹ ਗੁਰੂ ਸਾਹਿਬਾਨ ਦੁਆਰਾ ਰਚੀ ਗਈ ਹੈ। ਗੁਰਬਾਣੀ ਵਿਚ ਹੈ ਕੀ? ਇਸ ਵਿੱਚ ਉਹ ਅਨੁਭਵ ਹਨ, ਜਿਹੜੇ ਗੁਰੂ ਸਾਹਿਬਾਨ ਜੀ ਨੇ ਆਪਣੇ ਆਪ ਨੂੰ ਵਿਚੋਂ ਹਟਾ ਕੇ, ਗ੍ਰਹਣ ਕੀਤੇ। ਇਹ ਕਹੇ ਗੁਰੂ ਸਾਹਿਬਾਨ ਨੇ ਹਨ ਪਰ ਕਹਾਣ ਵਾਲਾ ਹੋਰ ਕੋਈ ਹੈ। ਇਹ ਸਾਧਾਰਣ ਕਵਿਤਾ ਨਹੀਂ। ਇਸ ਭੇਦ ਨੂੰ ਜਾਣ ਲੈਣਾ ਜ਼ਰੂਰੀ ਹੈ। ਕਵਿਤਾ ਮਨ ਦੀ ਉਪਜ ਹੈ, ਬਾਣੀ ਮਨ-ਰਹਿਤ ਅਵਸਥਾ ਦੀ ਦੇਣ। ਇਕ ਕਵੀ ਕਵਿਤਾ ਲਿਖਦਾ ਹੈ। ਉਸ ਦੇ ਕਦੀ ਹਰਫ ਵਧ ਜਾਂਦੇ ਹਨ, ਕਦੀ ਲਾਈਨ ਘਟ ਜਾਂਦੀ ਹੈ, ਕਦੀ ਰਦੀਫ਼ ਖੁਲ੍ਹਾ ਹੋ ਜਾਂਦਾ ਹੈ, ਕਦੀ ਕਾਫੀਆ ਤੰਗ ਹੋ ਜਾਂਦਾ ਹੈ, ਕਦੀ ਗਰਾਮਰ ਠੀਕ ਨਹੀਂ ਬੈਠਦੀ ਤੇ ਕਦੀ ਸ਼ਬਦ ਠੀਕ ਨਹੀਂ ਲਭਦੇ। ਕਵੀ ਇਕ ਸਤਰ ਲਿਖਦਾ ਹੈ, ਉਸ ਨੂੰ ਕਟ ਕੇ ਦੂਸਰੀ ਲਿਖ ਦੇਂਦਾ ਹੈ, ਫਿਰ ਦੋਹਾਂ ਨੂੰ ਕਟ ਕੇ ਨਵੇਂ ਸਿਰਿਉਂ ਲਿਖਣ ਲਗਦਾ ਹੈ। ਇਹ ਅੰਨ੍ਹੇ ਵਾਂਗ ਟਟੋਲ ਕੇ ਅੱਗੇ ਵਧਦਾ ਹੈ। ਇਸ ਦੇ ਉਲਟ ਗੁਰਬਾਣੀ ਪ੍ਰਭੂ ਦਾ ਗਿਆਨ ਹੈ। ਇਸ ਵਿੱਚ ਕੁਝ ਤੋੜਨਾ ਜੋੜਨਾ ਨਹੀਂ ਪਿਆ। ਇਹ ਕੰਮ ਮਨ ਦਾ ਹੈ ਤੇ ਗੁਰਬਾਣੀ ਕਹਿੰਦੇ ਸਮੇਂ ਗੁਰੂ ਦਾ ਮਨ ਨਹੀਂ ਹੁੰਦਾ। ਗੁਰੂ ਜੀਉਹੀ ਕਹਿ ਰਹੇ ਹਨ ਜੋ ਉਨ੍ਹਾਂ ਕੋਲੋਂ ਪ੍ਰਭੂ ਕਹਿਲਵਾ ਰਿਹਾ ਹੈ। ਇਸੇ ਲਈ ਗੁਰਬਾਣੀ ਨੂੰ ਧੁਰ ਦੀ (ਧੁਰੇ ਦੀ, ਆਦਿ ਦੀ, ਪ੍ਰਭੂ ਦੀ) ਬਾਣੀ ਕਿਹਾ ਗਿਆ ਹੈ। ਗੁਰਬਾਣੀ ਗਵਾਹੀ ਦੇਂਦੀ ਹੈ।



1. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ। (ਅੰਗ ੭੨੨)
1. ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।।
ਦਇਆਲ ਪੁਰਖ ਮਿਹਰਵਾਨਾ ਹਰਿ ਨਾਨਕ ਸਾਚੁ ਵਖਾਨਾ।। (ਅੰਗ ੬੨੮)
1. ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ।। (ਅੰਗ ੫੧੪)

ਇਹ ਬਾਣੀ ਨਿਰੰਕਾਰ ਦੀ ਹੈ, ਵਾਹਿਗੁਰੂ ਦੀ ਹੈ, ਧੁਰ ਦੀ ਹੈ।ਸੋ ਗੁਰਬਾਣੀ ਕੋਈ ਗੀਤ ਨਹੀਂ, ਕੋਈ ਕਵਿਤਾ ਨਹੀਂ, ਭਾਵੇਂ ਕਵਿਤਾ ਦੇ ਢੰਗ ਨਾਲ ਲਿਖੀ ਗਈ ਹੈ। ਇਸ ਦੇ ਪ੍ਰਗਟਾਵੇ ਵਿੱਚ ਮਨ ਦਾ ਦਖਲ ਨਹੀਂ।ਅਸੀਂ ਗੁਰਬਾਣੀ ਨੂੰ ਮਨ ਰਾਹੀਂ ਸਮਝਣਾ ਚਾਹੁੰਦੇ ਹਾਂ ਪਰ ਗੁਰਬਾਣੀ ਮਨ ਦਾ ਵਿਸ਼ਾ ਨਹੀਂ। ਅਸੀਂ ਕੰਨ ਰਾਹੀਂ ਸੁਣ ਸਕਦੇ ਹਾਂ, ਦੇਖ ਨਹੀਂ ਸਕਦੇ, ਅੱਖਾਂ ਰਾਹੀਂ ਦੇਖ ਸਕਦੇ ਹਾਂ, ਸੁਣ ਨਹੀਂ ਸਕਦੇ, ਨੱਕ ਰਾਹੀਂ ਸੁੰਘ ਸਕਦੇ ਹਾਂ ਬੋਲ ਨਹੀਂ ਸਕਦੇ। ਇਦਾਂ ਹੀ ਅਸੀਂ ਮਨ ਰਾਹੀਂ ਬਾਣੀ ਨੂੰ ਬਾਹਰੋਂ ਬਾਹਰੋਂ ਪੜ੍ਹ ਸੁਣ ਸਕਦੇ ਹਾਂ ਆਪਣੇ ਅੰਦਰ ਨਹੀਂ ਲਿਆ ਸਕਦੇ। ਅੰਦਰ ਲਿਜਾਣ ਲਈ ਅ-ਮਨ ਅਵਸਥਾ ਚਾਹੀਦੀ ਹੈ। ਬਾਣੀ ਨੂੰ ਹਿਰਦੇ ਤਕ ਲਿਜਾਣ ਲਈ ਮਨ ਰੁਕਾਵਟ ਹੈ। ਇਸ ਨੂੰ ਵਿਚੋਂ ਹਟਾਵਾਂਗੇ ਤਾਂ ਹੀ ਬਾਣੀ ਦੀ ਸਮਝ ਆਏਗੀ ਤੇ ਤਾਂ ਹੀ ਬਾਣੀ ਦਾ ਲਾਭ ਮਿਲੇਗਾ।ਪਰ ਮਨ ਰੁਕਾਵਟ ਕਿਉਂ ਪਾਉਂਦਾ ਹੈ ਪਹਿਲਾਂ, ਕਿਸੇ ਵਿਚਾਰ ਨੂੰ ਇਕ ਰਸ ਵਿੱਚ ਗ੍ਰਹਣ ਕਰਨਾ ਇਸ ਦਾ ਸੁਭਾ ਨਹੀਂ। ਇਸ ਲਈ ਅਸੀਂ ਮਨ ਰਾਹੀਂ ਗੁਰਬਾਣੀ ਗ੍ਰਹਣ ਨਹੀਂ ਕਰ ਸਕਦੇ।ਦੂਸਰਾ, ਮਨ ਦਾ ਸੁਭਾ ਹੈ ਵਿਚਾਰ ਨੂੰ ਤੋੜ ਕੇ ਦੇਖਣਾ। ਇਹ ਕਿਸੀ ਚੀਜ਼ ਨੂੰ ਪੂਰਨਤਾ ਵਿੱਚ (ਜੈਸੀ ਹੈ ਵੈਸੀ) ਨਹੀਂ ਅਪਨਾ ਸਕਦਾ। ਮਨ ਇਕ ਪ੍ਰਿਜ਼ਮ (PRISM) ਦੀ ਤਰ੍ਹਾਂ ਹੈ, ਜਿਸ ਵਿਚੋਂ ਰੋਸ਼ਨੀ ਲੰਘਦਿਆਂ ਸਾਰ ਸੱਤ ਰੰਗਾਂ ਵਿਚ ਟੁਟ ਜਾਂਦੀ ਹੈ। ਇਹ, ਵਿਚਾਰ ਨੂੰ ਇੰਦਰ ਧਨੁਸ਼ ਦੀ ਸੱਤ ਰੰਗੀ ਪੀਂਘ ਪੁਆ ਦਿੰਦਾ ਹੈ। ਗੁਰਬਾਣੀ ਉਦਾਂ ਦੀ ਨਹੀਂ ਰਹਿੰਦੀ ਜਿਦਾਂ ਦੀ ਕਹੀ ਗਈ ਸੀ। ਗੁਰੂ ਜੀ ਕੁਝ ਕਹਿੰਦੇ ਹਨ, ਮਨ ਕੁਝ ਹੋਰ ਸਮਝਦਾ ਹੈ। ਤੀਸਰਾ, ਮਨ ਨਾ ਸਿਰਫ ਵਿਚਾਰਾਂ ਨੂੰ ਤੋੜਦਾ ਹੈ ਬਲਕਿ ਇਨ੍ਹਾਂ ਵਿਚੋਂ ਵੀ ਚੋਣ ਕਰਦਾ ਹੈ। ਮਨ ਵਿਚਾਰ ਦੇ ਕੁਝ ਅੰਸ਼ ਅਪਨਾ ਲੈਂਦਾ ਹੈ, ਕੁਝ ਛਡ ਦੇਂਦਾ ਹੈ। ਜੇ ਤੋੜਨ ਦੇ ਬਾਅਦ ਵੀ ਮਨ ਸਾਰੇ ਅੰਸ਼ ਅਪਨਾ ਲਏ ਤਾਂ ਹੀ ਮਨ ਨੂੰ ਸਮਝ ਆ ਸਕਦੀ ਹੈ। ਪਰ ਮਨ ਕੁਝ ਪਕੜਦਾ ਹੈ ਕੁਝ ਛਡਦਾ ਹੈ। ਇਸ ਲਈ ਗੁਰਬਾਣੀ ਨੂੰ ਅਸੀਂ ਨਹੀਂ ਸੁਣਦੇ। ਗੁਰੂ ਜੀ ਕਹਿੰਦੇ ਹਨਕਿ ਗੁਰਬਾਣੀ ਨੂੰ ਸਮਝਣ ਲਈ ਮਨ ਦੀ ਸਿਆਣਪ ਛਡ ਦੇਉ :-
ਸਗਲ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ।। (ਅੰਗ ੪੪੦)
ਮਨ ਸਿਆਣਪ ਰਹੀ।।ਕਰਨ ਕਰਾਵਨਹਾਰ ਸੁਆਮੀ ਨਾਨਕ ਓਟ ਗਹੀ।। (ਅੰਗ ੫੨੯)

ਚੌਥੇ, ਮਨ ਗੁਰਬਾਣੀ ਨੂੰ ਤੋੜ ਕੇ ਵਿਚਾਰ ਕਰਦਾ ਹੈ। ਕੁਝ ਛਡ ਦੇਂਦਾ ਹੈ ਤੇ ਕੁਝ ਅਪਨਾ ਲੈਂਦਾ ਹੈ। ਇਹ ਅਪਨਾਣਾਉਹ ਅੰਸ਼ ਹੈ ਜਿਹੜੇ ਇਕ ਦੂਜੇ ਦੇ ਉਲਟ ਹਨ। ਇਹ ਗੁਰਬਾਣੀ ਵਿਚੋਂ ਸੁਖ ਦੀਆਂ ਗੱਲਾਂ ਪਕੜ ਲੈਂਦਾ ਹੈ, ਦੁੱਖ ਦੀਆਂ ਛਡ ਦੇਂਦਾ ਹੈ, ਜੀਵਨ ਬਾਰੇ ਸੁਣਦਾ ਹੈ ਮੌਤ ਬਾਰੇ ਨਹੀਂ ਸੁਣਦਾ, ਸੇਵਾ ਲੈਣ ਬਾਰੇ ਸੁਣਦਾ ਹੈ ਸੇਵਾ ਦੇਣ ਬਾਰੇ ਨਹੀਂ ਸੁਣਦਾ। ਮਨ ਨੂੰ ਸੁਖ ਚਾਹੀਦਾ ਹੈ ਦੁੱਖ ਨਹੀਂ, ਮਾਨ ਚਾਹੀਦਾ ਹੈ ਅਪਮਾਨ ਨਹੀਂ, ਖੁਸ਼ੀ ਚਾਹੀਦੀ ਹੈ ਗਮੀ ਨਹੀਂ, ਉਸਤਤਿ ਚਾਹੀਦੀ ਹੈ ਨਿੰਦਾ ਨਹੀਂ, ਜੀਵਨ ਚਾਹੀਦਾ ਹੈ ਮੌਤ ਨਹੀਂ ਮਨ ਵਿਚਾਰ ਨੂੰ ਵਿਪਰੀਤ ਦਿਸ਼ਾ ਵਿਚ ਤੋੜ ਦੇਂਦਾ ਹੈ ਤੇ ਦੋਹਾਂ ਵਿਚੋਂ ਇਕ ਨੂੰ ਅਪਨਾਣਾ ਚਾਹੁੰਦਾ ਹੈ ਦੂਸਰੇ ਨੂੰ ਨਹੀਂ। ਪਰ ਜੀਵਨ ਵਿੱਚ ਸਭ ਜੁੜਿਆ ਹੈ। ਇਸੇ ਲਈ ਗੁਰਬਾਣੀ ਦੋਹਾਂ ਨੂੰ ਅਪਨਾਣ ਲਈ ਕਹਿੰਦੀ ਹੈ :
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।। ੧।।
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।।
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।। ੨।। ੧।। (ਅੰਗ ੨੧੯)

ਇਹ ਕਠਨ ਹੈ ਕਿਉਂਕਿ ਅਸੀਂ ਮਨ ਦੇ ਮਗਰ ਲਗ ਦੇ ਜੀਵਨ ਦੀਆਂ ਘਟਨਾਵਾਂ ਵਿਚੋਂ ਚੋਣ ਕਰਦੇ ਹਾਂ। ਜੇ ਅਸੀ ਚਾਹੁੰਦੇ ਹਾਂ ਕਿ ਸਾਡੇ ਅੰਦਰ ਗੁਰਬਾਣੀ ਉਤਰੇ ਤਾਂ ਸਾਨੂੰ ਗੁਰੂ ਦੀ ਦੱਸੀ ਸੇਧ ਚੇਤੇ ਰਖਣੀ ਪਵੇਗੀ :-
ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ।। ੧।। ਰਹਾਉ।।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ।।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨੁ ਅਪਮਾਨਾ।। ੧।।
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।।
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।। ੨।। (ਅੰਗ ੬੩੩)

ਪੰਜਵੇ, ਜਦੋਂ ਮਨ ਕੁਝ ਅਪਨਾਂਦਾ ਹੈ ਤੇ ਕੁਝ ਛਡ ਦੇਂਦਾ ਹੈ ਤਾਂ ਇਸ ਘਾਟ ਨੂੰ ਪੂਰੀ ਕਰਨ ਲਈ ਮਨ ਕੁਝ ਆਪਣੇ ਵਲੋਂ ਜੋੜ ਦੇਂਦਾ ਹੈ। ਗੁਰਬਾਣੀ ਕੁਝ ਕਹਿੰਦੀ ਹੈ, ਇਹ ਆਪਣੇ ਕੋਲੋਂ ਜੋੜ ਕੇ ਕੁਝ ਨਾ ਕੁਝ ਸਮਝ ਲੈਂਦਾ ਹੈ। ਮਨ ਠੀਕ ਤਰ੍ਹਾਂ ਸੁਣਦਾ ਨਹੀਂ।ਹਿੰਦੂਆਂ ਦੀਆਂ ਸਿਮਰਤੀਆਂ ਵਿੱਚ ਇਹੀ ਘਾਟ ਹੈ। ਜਿਨ੍ਹਾਂ ਨੇ ਜਾਣਿਆ ਉਨ੍ਹਾਂ ਨੇ ਲਿਖਿਆ ਨਹੀਂ। ਜਿਨ੍ਹਾਂ ਨੇ ਲਿਖਿਆ ਉਨ੍ਹਾਂ ਨੇ ਜਾਣਿਆ ਨਹੀਂ। ਚੇਲੇ ਜਦੋਂ ਸਿਮਰਤੀਆਂ ਲਿਖਣ ਲਗੇ ਤਾਂ ਜੋ ਅਣ-ਸੁਣਿਆ ਰਹਿ ਗਿਆ ਸੀ ਜਾਂ ਜੋ ਮਨ ਨੇ ਸੁਣਨਾ ਨਹੀਂ ਚਾਹਿਆ ਸੀ, ਉਸ ਦੀ ਘਾਟ ਮਨ ਨੇ ਆਪਣੇ ਵਲੋਂ ਪੂਰੀ ਕਰ ਦਿਤੀ। ਇਸ ਲਈ ਸਿਮਰਤੀਆਂ ਮਿਲ ਗੋਭਾ ਹੋ ਗਈਆਂ। ਇਨ੍ਹਾਂ ਵਿੱਚ ਕੁਝ ਮਨ ਦੇ ਪਾਰ ਦੀ ਗੱਲ ਹੈ ਕੁਝ ਮਨ ਦੀ ਗੱਲ ਹੈ। ਗੱਲ ਅਧੂਰੀ ਰਹਿ ਗਈ।ਛੇਵੇਂ, ਮਨ ਟਿਕਦਾ ਨਹੀਂ, ਇਹ ਅਸਥਿਰ ਹੈ ਇਹ ਸਭ ਦਿਸ਼ਾਵਾਂ ਵਿਚ ਦੌੜਦਾ ਫਿਰਦਾ ਹੈ। ਗੁਰਵਾਕ ਹੈ1. ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ।।
1. ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ।। (ਅੰਗ ੧੦੧੩)
1. ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ।। (ਅੰਗ ੫੬੫)
1. ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ।।(ਅੰਗ ੧੧੭੯)

ਸੱਤਵੇਂ, ਮਨ ਆਪਣੇ ਪੁਰਾਣੇ ਅਨੁਭਵਾਂ ਦੇ ਆਧਾਰ 'ਤੇ ਸੋਚਦਾ ਹੈ, ਸੁਣਦਾ ਹੈ ਤੇ ਨਿਰਣੈ ਲੈਂਦਾ ਹੈ। ਜੋ ਇਸ ਦੇ ਅਨੁਭਵ ਵਿੱਚ ਨਹੀਂ ਆਇਆ, ਉਸ ਬਾਰੇ ਇਹ ਨਹੀਂ ਸੋਚ ਸਕਦਾ। ਮਨ ਨੂੰ ਪ੍ਰਭੂ ਬਾਰੇ ਕੋਈ ਜਾਣਕਾਰੀ ਨਹੀਂ, ਇਸ ਨੂੰ ਪਤਾ ਨਹੀਂ ਪ੍ਰਭੂ ਕਿਥੇ ਹੈ, ਕੌਣ ਹੈ ਤੇ ਕਿਦਾਂ ਮਿਲਦਾ ਹੈ। ਇਸ ਲਈ ਨਾ ਮਨ ਪ੍ਰਭੂ ਬਾਰੇ ਸੋਚ ਸਕਦਾ ਹੈ ਤੇ ਨਾ ਉਸ ਬਾਰੇ ਦੱਸੇ ਅਨੁਭਵਾਂ (ਗੁਰਬਾਣੀ) ਨੂੰ ਸਮਝ ਸਕਦਾ ਹੈ। ਇਸੇ ਲਈ ਗੁਰੂ ਜੀ ਸਲਾਹ ਦੇਂਦੇ ਹਨ ਕਿ ਗੁਰਬਾਣੀ ਨੂੰ ਸੁਣਨ ਲਈ ਮਨ ਦੀ ਮਤ ਤਿਆਗ ਦਿਉ :-1. ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ।। (ਅੰਗ ੮੦੦)
1. ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ।। (ਅੰਗ ੮੧੪)

ਇਹ ਮਨ ਦੇ ਮੁਖ ਅਵਗੁਣ ਹਨ। ਇਨ੍ਹਾਂ ਅਵਗੁਣਾਂ ਭਰਿਆ ਮਨ ਕਦੀਂ ਵੀ ਗੁਰਬਾਣੀ ਨੂੰ ਨਹੀਂ ਸੁਣ ਸਕਦਾ, ਕਿਉਂਕਿ ਗੁਰਬਾਣੀ ਤਾਂ ਅ-ਮਨ ਅਨੁਭਵ ਹਨ। ਇਸੇ ਲਈ ਗੁਰਬਾਣੀ ਬਾਰ-ਬਾਰ ਕਹਿੰਦੀ ਹੈ ਕਿ ਮਨ ਨੂੰ ਮਾਰੋ ਕਿਉਂਕਿ ਮਨ ਨੂੰ ਮਾਰੇ ਬਿਨਾਂ ਹਰੀ ਨਹੀਂ ਮਿਲ ਸਕਦਾ।
1. ਮਨੁ ਮਰੈ ਧਾਤੁ ਮਰਿ ਜਾਇ।। ਬਿਨੁ ਮਨ ਮੂਏ ਕੈਸੇ ਹਰਿ ਪਾਇ।। (ਅੰਗ ੬੬੫)
2. ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ।। (ਅੰਗ ੨੫੬)

**ਜੋਗਿੰਦਰ ਸਿੰਘ ਬੰਬਈ**

# ਹਜ਼ੂਰ ਸਾਹਿਬ ਵਿਖੇ ਸਿੱਖ ਹਥਿਆਰਾਂ ਦੀ ਜ਼ਬਤੀ ਅਤੇ ਕੇਸ ਦਰਜ ਕਰਨ ਦੀ SGPC ਵੱਲੋਂ ਨਿੰਦਾ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮਹਾਰਾਸ਼ਟਰ ਦੇ ਨਾਂਦੇੜ ਸਥਿਤ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸਿੱਖ ਸ਼ਰਧਾਲੂਆਂ, ਹਥਿਆਰ ਵਪਾਰੀਆਂ ਅਤੇ ਸਿੱਖ ਰਵਾਇਤਾਂ ਨਾਲ ਜੁੜੇ ਵਿਅਕਤੀਆਂ ਖ਼ਿਲਾਫ਼ ਪੁਲਿਸ ਵੱਲੋਂ ਕੇਸ ਦਰਜ ਕਰਨ ਦੀ ਤਿੱਖੀ ਨਿੰਦਾ ਕੀਤੀ ਹੈ।ਧਾਮੀ ਨੇ ਕਿਹਾ ਕਿ ਪੁਲਿਸ ਵੱਲੋਂ ਵੱਡੀ ਗਿਣਤੀ ਵਿੱਚ ਕਿਰਪਾਨਾਂ ਅਤੇ ਰਵਾਇਤੀ ਸਿੱਖ ਹਥਿਆਰਾਂ ਦੀ ਜ਼ਬਤੀ ਬਹੁਤ ਹੀ ਦੁੱਖਦਾਇਕ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਾਰਵਾਈ ਹੈ।ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਹਥਿਆਰਾਂ ਦਾ ਵਿਸ਼ੇਸ਼ ਮਹੱਤਵ ਹੈ ਅਤੇ ਸਿੱਖ ਗੁਰੂ ਸਾਹਿਬਾਨ ਨੇ ਹਰ ਸਿੱਖ ਨੂੰ ਧਰਮ ਅਤੇ ਨਿਆਂ ਦੀ ਰੱਖਿਆ ਲਈ ਸ਼ਸਤ੍ਰਧਾਰੀ ਰਹਿਣ ਦੀ ਸਿੱਖਿਆ ਦਿੱਤੀ ਹੈ। ਹਥਿਆਰ ਧਾਰਨ ਕਰਨਾ ਅਤੇ ਉਨ੍ਹਾਂ ਦੀ ਸੰਭਾਲ ਕਰਨਾ ਸਿੱਖ ਧਾਰਮਿਕ ਪਰੰਪਰਾ ਅਤੇ ਪਹਿਚਾਣ ਦਾ ਅਟੁੱਟ ਹਿੱਸਾ ਹੈ।SGPC ਪ੍ਰਧਾਨ ਨੇ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਤਖ਼ਤਾਂ ਵਿੱਚੋਂ ਇੱਕ ਹੈ, ਜਿੱਥੇ ਰਵਾਇਤੀ ਸ਼ਸਤ੍ਰਾਂ ਦੀ ਸੇਵਾ, ਸੰਭਾਲ ਅਤੇ ਸਤਿਕਾਰ ਸਦੀਆਂ ਤੋਂ ਸਿੱਖ ਰੀਤ-ਰਿਵਾਜਾਂ ਦਾ ਅਹਿਮ ਹਿੱਸਾ ਰਹੇ ਹਨ।ਉਨ੍ਹਾਂ ਦੋਸ਼ ਲਾਇਆ ਕਿ ਪ੍ਰਸ਼ਾਸਨ ਵੱਲੋਂ ਇਨ੍ਹਾਂ ਇਤਿਹਾਸਕ ਪਰੰਪਰਾਵਾਂ ਨੂੰ ਨਜ਼ਰਅੰਦਾਜ਼ ਕਰਕੇ




ਕੀਤੀ ਗਈ ਕਾਰਵਾਈ ਕਾਰਨ ਸਿੱਖ ਭਾਈਚਾਰੇ ਵਿੱਚ ਗਹਿਰਾ ਰੋਸ ਪਾਇਆ ਜਾ ਰਿਹਾ ਹੈ।ਧਾਮੀ ਨੇ ਕਿਹਾ ਕਿ ਜਿੱਥੇ ਹਰ ਨਾਗਰਿਕ ਦਾ ਫ਼ਰਜ਼ ਹੈ ਕਿ ਉਹ ਕਾਨੂੰਨ ਦੀ ਪਾਲਣਾ ਕਰੇ, ਉੱਥੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਸਿੱਖ ਧਰਮ ਦੀਆਂ ਧਾਰਮਿਕ ਭਾਵਨਾਵਾਂ, ਪਰੰਪਰਾਵਾਂ ਅਤੇ ਇਤਿਹਾਸਕ ਮਰਿਆਦਾਵਾਂ ਦਾ ਸਤਿਕਾਰ ਕਰਨ।

ਉਨ੍ਹਾਂ ਕਿਹਾ ਕਿ ਪ੍ਰਸ਼ਾਸਕੀ ਕਾਰਵਾਈ ਕਿਸੇ ਵੀ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਨਹੀਂ ਹੋਣੀ ਚਾਹੀਦੀ।ਮਹਾਰਾਸ਼ਟਰ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਨੂੰ ਅਪੀਲ ਕਰਦਿਆਂ ਧਾਮੀ ਨੇ ਮੰਗ ਕੀਤੀ ਕਿ ਦਰਜ ਕੀਤੇ ਗਏ ਕੇਸ ਤੁਰੰਤ ਵਾਪਸ ਲਏ ਜਾਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਹਮੇਸ਼ਾਂ ਆਪਣੇ ਧਾਰਮਿਕ ਚਿੰਨ੍ਹਾਂ, ਸ਼ਸਤ੍ਰ ਪਰੰਪਰਾ ਅਤੇ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਗਈ ਵਿਲੱਖਣ ਪਹਿਚਾਣ ਦੀ ਰੱਖਿਆ ਲਈ ਵਚਨਬੱਧ ਰਹੀ ਹੈ।ਉਨ੍ਹਾਂ ਸਰਕਾਰਾਂ ਅਤੇ ਪ੍ਰਸ਼ਾਸਨਾਂ ਨੂੰ ਅਪੀਲ ਕੀਤੀ ਕਿ ਸਿੱਖ ਪਰੰਪਰਾਵਾਂ ਪ੍ਰਤੀ ਸੰਵੇਦਨਸ਼ੀਲਤਾ ਦਿਖਾਈ ਜਾਵੇ ਅਤੇ ਹਰ ਹਾਲਤ ਵਿੱਚ ਉਨ੍ਹਾਂ ਦੀ ਮਰਿਆਦਾ ਅਤੇ ਪਵਿੱਤਰਤਾ ਬਣਾਈ ਰੱਖੀ ਜਾਵੇ।

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

ਨਾਨਕਸ਼ਾਹੀ ਸੰਮਤ ੫੫੮

## SCAN HERE

FOR ALL SIKH
CALENDAR DATES

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੯੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੯੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੯੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।





## ਇੱਕ ਕੋਸ਼ਿਸ਼

ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

ਪੁਰਖਿਆਂ ਦੀ ਪੈੜ 'ਚ ਪੈਰ ਧਰਦਾ

'ਖ਼ਾਲਸਾ ਅਖ਼ਬਾਰ'

ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

+44 74913 74913
www.khalsaakhbaar.com
editor@khalsaakhbaar.com
@khalsaakhbaar

